1-FEB-PAGE-1.qxd 1/31/2025 10:08 PM Page 1

ਸ਼ਨੀਵਾਰ, 1 ਫਰਵਰੀ, 2025

19 ਮਾਘ { ਨਾਨਕਸ਼ਾਹੀ 556 / ਬਿਕਰਮੀ 2081

ਜਿਲਦ/VOL. : 73

ਅੰਕ/NO. : 242

ਰੋਜ਼ਾਨਾ

# ਨਵਾਂ ਜ਼ਮਾਨਾ

DAILY NAWAN ZAMANA • SATURDAY, 1 FEBRUARY, 2025

ਜਲੰਧਰ

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ

| | |
|---|---|
| ਪੁੱਛ-ਗਿੱਛ (ਰਿਸੈਪਸ਼ਨ) | 0181-5097300 |
| ਇਸ਼ਤਿਹਾਰ ਵਿਭਾਗ | 0181-5097302 |
| ਸਾਹਿਤ ਸੰਪਾਦਕ (ਐਤਵਾਰਤਾ) | 0181-5097305 |
| ਕੰਪਿਊਟਰ ਰੂਮ | 0181-5097310 |
| ਵੈੱਬ ਟੀ ਵੀ | 0181-5133160 |

YouTube nawan zamana TV

ਕੀਮਤ/PRICE : 5.00 ਰੁਪਏ   Regd. No : L-4/Pb-JL-0023/2024-26, (R.N.I.)-00068/57   E-mail : nawanzamana@gmail.com   www.nawanzamana.in   ਸਫ਼ੇ : 12

# ਪਿਕਅੱਪ-ਕੈਂਟਰ ਟੱਕਰ 'ਚ 9 ਵੇਟਰਾਂ ਦੀ ਮੌਤ





**ਜਲਾਲਾਬਾਦ/ਗੁਰੂ ਹਰਸਹਾਏ/ਫਿਰੋਜ਼ਪੁਰ (ਜੰਗੀਰ ਕੌਰ ਫਲੀਆਂਵਾਲਾ/ਜੀਤ ਕੁਮਾਰ/ਮਨਦੀਪ ਸਿੰਘ ਸੋਢੀ/ਗੁਰਬਚਨ ਸੋਨੂੰ)**

ਫਿਰੋਜ਼ਪੁਰ-ਫਾਜ਼ਿਲਕਾ ਮੁੱਖ ਸੜਕ 'ਤੇ ਪਿੰਡ ਮੋਹਨ ਕੇ ਉਤਾੜ ਕੋਲ ਸ਼ੁੱਕਰਵਾਰ ਸਵੇਰੇ ਕਰੀਬ 10 ਵਜੇ ਮਹਿੰਦਰਾ ਪਿਕਅੱਪ ਅਤੇ ਕੈਂਟਰ ਦੀ ਟੱਕਰ 'ਚ 9 ਲੋਕਾਂ ਦੀ ਮੌਤ ਹੋ ਗਈ ਤੇ 11 ਜ਼ਖਮੀ ਹੋ ਗਏ, ਜਿਨ੍ਹਾਂ ਵਿੱਚੋਂ 5 ਦੀ ਹਾਲਤ ਗੰਭੀਰ ਸੀ।

ਮ੍ਰਿਤਕਾਂ ਦੀ ਪਛਾਣ ਗੋਬਿੰਦ ਪੁੱਤਰ ਅੱਕੂ, ਵਿੱਕੀ ਪੁੱਤਰ ਬੀਬਾ ਰਾਮ, ਰਵੀ ਪੁੱਤਰ ਬੱਲੂ ਰਾਮ, ਚਾਂਦ ਪੁੱਤਰ ਵਿਸਾਖੀ ਰਾਮ, ਮਨੋਜ ਕੁਮਾਰ ਵਾਸੀ ਗੁਰੂ ਹਰਸਹਾਏ, ਸੁਖਵਿੰਦਰ ਪੁੱਤਰ ਮਹਿੰਦਰ ਸਿੰਘ ਵਾਸੀ ਮਮਦੋਟ, ਜਸਵੰਤ ਸਿੰਘ ਪੁੱਤਰ ਗੁਰਮੀਤ ਸਿੰਘ ਵਾਸੀ ਸਰੂਪੇਵਾਲਾ, ਬੱਗਾ ਸਿੰਘ ਪੁੱਤਰ ਬਲਦੇਵ ਸਿੰਘ ਵਾਸੀ ਝੰਡੂਵਾਲਾ, ਮਲਕੀਤ ਸਿੰਘ ਪੁੱਤਰ ਬੂਮ ਸਿੰਘ ਵਾਸੀ ਲਾਲਚੀਆਂ ਵਜੋਂ ਹੋਈ ਹੈ। ਚਸ਼ਮਦੀਦਾਂ ਮੁਤਾਬਕ ਮਨੋਜ ਪਿਕਅੱਪ ਚਲਾ ਕੇ ਸਭ ਨੂੰ ਜਲਾਲਾਬਾਦ ਲੈ ਕੇ ਜਾ ਰਿਹਾ ਸੀ। ਇਹ ਸਾਰੇ ਗੁਰੂ ਹਰਸਹਾਏ ਤੋਂ ਜਲਾਲਾਬਾਦ ਵਿਆਹ 'ਚ ਵੇਟਰ ਦਾ ਕੰਮਕਾਜ ਕਰਨ ਜਾ ਰਹੇ ਸਨ।

ਰਾਹਗੀਰਾਂ ਦੀ ਮਦਦ ਨਾਲ ਪੁਲਸ ਜ਼ਖਮੀਆਂ ਨੂੰ ਜਲਾਲਾਬਾਦ ਹਸਪਤਾਲ ਲੈ ਗਈ। ਹਾਦਸਾ ਏਨਾ ਭਿਆਨਕ ਸੀ ਕਿ ਪਿਕਅੱਪ ਵਿੱਚ ਸਵਾਰ ਨੌਜਵਾਨਾਂ ਦੀਆਂ ਲਾਸ਼ਾਂ ਹਾਈਵੇ ਦੇ ਕਿਨਾਰੇ ਖੇਤਾਂ ਵਿੱਚ ਵੀ ਡਿੱਗੀਆਂ।

ਪੁਲਸ ਇੰਸਪੈਕਟਰ ਜਸਵਿੰਦਰ ਸਿੰਘ ਬਰਾੜ ਨੇ ਮੀਡੀਆ ਨੂੰ ਦੱਸਿਆ ਕਿ ਸੂਚਨਾ ਮਿਲਦੇ ਹੀ ਸੜਕ ਸੁਰੱਖਿਆ ਬਲ ਦੀਆਂ ਟੀਮਾਂ ਮੌਕੇ 'ਤੇ ਪਹੁੰਚ ਗਈਆਂ। ਜ਼ਖਮੀਆਂ ਨੂੰ ਜਲਾਲਾਬਾਦ ਦੇ ਸਰਕਾਰੀ ਹਸਪਤਾਲ ਲਿਜਾਣ ਤੋਂ ਬਾਅਦ ਨੈਸ਼ਨਲ ਹਾਈਵੇ ਨੂੰ ਖਾਲੀ ਕਰਵਾਇਆ ਗਿਆ, ਕਿਉਂਕਿ ਬਹੁਤ ਵੱਡਾ ਟਰੈਫਿਕ ਜਾਮ ਲੱਗ ਗਿਆ ਸੀ। ਪਿਕਅੱਪ ਕੰਟਰੋਲ ਤੋਂ ਬਾਹਰ ਹੋਣ ਤੋਂ ਬਾਅਦ ਕੈਂਟਰ ਨਾਲ ਟਕਰਾ ਗਈ। ਇੱਕ ਵਿਅਕਤੀ ਨੇ ਦੱਸਿਆ ਕਿ ਉਸ ਦੇ ਮਰਨ ਵਾਲੇ ਭਤੀਜੇ ਜਸਵੰਤ ਸਿੰਘ ਸੱਤੂ ਦਾ ਕੰਮ 'ਤੇ ਦੂਜਾ ਦਿਨ ਸੀ।

ਗੁਰੂ ਹਰਸਹਾਏ ਦੇ ਡੀ ਐੱਸ ਪੀ ਸਤਨਾਮ ਸਿੰਘ ਨੇ ਦੱਸਿਆ ਕਿ ਪਿਕਅੱਪ ਗੱਡੀ ਗੁਰੂ ਹਰਸਹਾਏ ਤੋਂ ਜਲਾਲਾਬਾਦ ਵੱਲ ਜਾ ਰਹੀ ਸੀ। ਕੈਂਟਰ ਜਲਾਲਾਬਾਦ ਤੋਂ ਫਿਰੋਜ਼ਪੁਰ ਵੱਲ ਜਾ ਰਿਹਾ ਸੀ। ਜਦੋਂ ਉਹ ਸ਼ਹੀਦ ਊਧਮ ਸਿੰਘ ਕਾਲਜ ਦੇ ਨੇੜੇ ਪਹੁੰਚੇ ਤਾਂ ਅਚਾਨਕ ਦੋਵਾਂ ਵਿਚਕਾਰ ਆਹਮੋ-ਸਾਹਮਣੇ ਟੱਕਰ ਹੋ ਗਈ। ਪਿਕਅੱਪ ਬੁਰੀ ਤਰ੍ਹਾਂ ਨੁਕਸਾਨੀ ਗਈ।

ਹਾਦਸਾ ਧੁੰਦ ਕਾਰਨ ਹੋਇਆ ਜਾਪਦਾ ਹੈ, ਪਰ ਜਾਂਚ ਜਾਰੀ ਹੈ। ਫਿਰੋਜ਼ਪੁਰ ਦੀ ਡਿਪਟੀ ਕਮਿਸ਼ਨਰ ਦੀਪਸ਼ਿਖਾ ਸ਼ਰਮਾ ਨੇ 9 ਲੋਕਾਂ ਦੀ ਮੌਤ ਦੀ ਪੁਸ਼ਟੀ ਕੀਤੀ ਹੈ। ਉਨ੍ਹਾ ਕਿਹਾ ਕਿ ਜ਼ਖਮੀਆਂ ਨੂੰ ਫਰੀਦਕੋਟ ਅਤੇ ਜਲਾਲਾਬਾਦ ਦੇ ਹਸਪਤਾਲਾਂ ਵਿੱਚ ਦਾਖਲ ਕਰਵਾਇਆ ਗਿਆ ਹੈ। 11 ਜ਼ਖਮੀ ਮਰੀਜ਼ਾਂ ਵਿੱਚੋਂ 10 ਨੂੰ ਮੈਡੀਕਲ ਕਾਲਜ ਫਰੀਦਕੋਟ ਰੈਫਰ ਕੀਤਾ ਗਿਆ ਹੈ। ਜਲਾਲਾਬਾਦ ਵਿੱਚ ਇੱਕ ਮਰੀਜ਼ ਦਾ ਇਲਾਜ ਚੱਲ ਰਿਹਾ ਹੈ। ਸਾਰਿਆਂ ਦਾ ਇਲਾਜ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਕੀਤਾ ਜਾ ਰਿਹਾ ਹੈ।

ਇਸ ਦਰਦਨਾਕ ਹਾਦਸੇ 'ਤੇ ਡੂੰਘੇ ਦੁੱਖ ਦਾ ਪ੍ਰਗਟਾਵਾ ਕਰਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਪੀੜਤ ਪਰਵਾਰਾਂ ਨਾਲ ਆਪਣੀ ਦਿਲੀ ਹਮਦਰਦੀ ਸਾਂਝੀ ਕੀਤੀ ਅਤੇ ਉਨ੍ਹਾਂ ਨੂੰ ਇਸ ਨਾ ਪੂਰਾ ਹੋਣ ਵਾਲੇ ਘਾਟੇ ਨੂੰ ਸਹਿਣ ਦਾ ਬਲ ਬਖਸ਼ਣ ਅਤੇ ਵਿਛੜੀਆਂ ਰੂਹਾਂ ਦੀ ਆਤਮਕ ਸ਼ਾਂਤੀ ਲਈ ਅਕਾਲ ਪੁਰਖ ਅੱਗੇ ਅਰਦਾਸ ਕੀਤੀ।

ਮਾਨ ਨੇ ਕਿਹਾ ਕਿ ਉਹ ਪ੍ਰਸ਼ਾਸਨ ਨਾਲ ਲਗਾਤਾਰ ਸੰਪਰਕ ਵਿੱਚ ਹਨ ਅਤੇ ਸਥਿਤੀ ਦੀ ਨਿਯਮਤ ਤੌਰ 'ਤੇ ਨਿਗਰਾਨੀ ਕਰ ਰਹੇ ਹਨ। ਮੁੱਖ ਮੰਤਰੀ ਨੇ ਕਿਹਾ ਕਿ ਉਨ੍ਹਾ ਪਹਿਲਾਂ ਹੀ ਜ਼ਿਲ੍ਹਾ ਪ੍ਰਸ਼ਾਸਨ ਨੂੰ ਸਾਰੇ ਜ਼ਖਮੀਆਂ ਦਾ ਮੁਫ਼ਤ ਇਲਾਜ ਕਰਨ ਦੇ ਨਿਰਦੇਸ਼ ਦਿੱਤੇ ਹਨ ਅਤੇ ਉਨ੍ਹਾ ਸਾਰੇ ਜ਼ਖਮੀਆਂ ਦੇ ਜਲਦ ਸਿਹਤਯਾਬ ਹੋਣ ਦੀ ਕਾਮਨਾ ਵੀ ਕੀਤੀ।

ਵਿਧਾਨ ਸਭਾ ਹਲਕਾ ਗੁਰੂ ਹਰਸਹਾਏ ਦੇ ਵਿਧਾਇਕ ਫ਼ੌਜਾ ਸਿੰਘ ਸਰਾਰੀ ਨੇ ਇਸ ਮੰਦਭਾਗੀ ਘਟਨਾ ਵਾਪਰਨ 'ਤੇ ਦੁੱਖ ਪ੍ਰਗਟ ਕਰਦਿਆਂ ਕਿਹਾ ਕਿ ਸੂਬਾ ਸਰਕਾਰ ਵੱਲੋਂ ਇਸ ਮੰਦਭਾਗੀ ਘਟਨਾ 'ਚ ਮਰਨ ਵਾਲਿਆਂ ਦੇ ਪਰਵਾਰਾਂ ਨੂੰ 2-2 ਲੱਖ ਰੁਪਏ ਦੀ ਵਿੱਤੀ ਸਹਾਇਤਾ ਦਿੱਤੀ ਜਾਵੇਗੀ ਅਤੇ ਇਸ ਹਾਦਸੇ 'ਚ ਜ਼ਖਮੀ ਮਰੀਜ਼ਾਂ ਦਾ ਪੂਰਾ ਇਲਾਜ ਕਰਵਾਇਆ ਜਾਵੇਗਾ।

ਵਿਧਾਇਕ ਸਰਾਰੀ ਅਤੇ ਡਿਪਟੀ ਕਮਿਸ਼ਨਰ ਦੀਪਸ਼ਿਖਾ ਸ਼ਰਮਾ ਨੇ ਸਿਵਲ ਹਸਪਤਾਲ ਫ਼ਿਰੋਜ਼ਪੁਰ ਦਾ ਦੌਰਾ ਕਰਕੇ ਜ਼ਖਮੀਆਂ ਦਾ ਹਾਲ ਜਾਣਿਆ ਅਤੇ ਉਨ੍ਹਾਂ ਦਾ ਸਮੁੱਚਾ ਇਲਾਜ ਸੂਬਾ ਸਰਕਾਰ ਵੱਲੋਂ ਕਰਾਉਣ ਦਾ ਭਰੋਸਾ ਦਿੱਤਾ।

# ਸੋਨੀਆ ਦੀ ਟਿੱਪਣੀ 'ਤੇ ਸੰਗਰਾਮ



**ਨਵੀਂ ਦਿੱਲੀ** : ਕਾਂਗਰਸ ਸੰਸਦੀ ਦਲ ਦੀ ਚੇਅਰਪਰਸਨ ਸੋਨੀਆ ਗਾਂਧੀ ਨੇ ਸ਼ੁੱਕਰਵਾਰ ਕਿਹਾ ਕਿ ਰਾਸ਼ਟਰਪਤੀ ਦਰੋਪਦੀ ਮੁਰਮੂ ਸੰਸਦ ਵਿੱਚ ਆਪਣੇ ਭਾਸ਼ਣ ਦੇ ਅੰਤ ਤੱਕ ਬਹੁਤ ਥੱਕ ਗਈ ਸੀ ਅਤੇ ਕਾਫ਼ੀ ਮੁਸ਼ਕਲ ਨਾਲ ਬੋਲ ਰਹੀ ਸੀ। ਉਨ੍ਹਾ ਦੇ ਇਸ ਬਿਆਨ 'ਤੇ ਭਾਰੀ ਵਿਵਾਦ ਖੜ੍ਹਾ ਹੋ ਗਿਆ। ਉਨ੍ਹਾ ਦੇ ਬਿਆਨ ਦੀ ਰਾਸ਼ਟਰਪਤੀ ਭਵਨ ਨੇ ਤਿੱਖੀ ਨਿਖੇਧੀ ਕੀਤੀ ਹੈ। ਭਾਜਪਾ ਪ੍ਰਧਾਨ ਜੇ ਪੀ ਨੱਡਾ ਨੇ ਸੋਨੀਆ ਨੂੰ ਇਸ ਲਈ ਬਿਨਾਂ ਸ਼ਰਤ ਮੁਆਫ਼ੀ ਮੰਗਣ ਲਈ ਕਿਹਾ ਹੈ।

ਸੋਨੀਆ ਨੇ ਸੰਸਦ ਦੇ ਬਾਹਰ ਪੱਤਰਕਾਰਾਂ ਵੱਲੋਂ ਰਾਸ਼ਟਰਪਤੀ ਦੇ ਭਾਸ਼ਣ 'ਤੇ ਟਿੱਪਣੀ ਕਰਨ ਲਈ ਆਖੇ ਜਾਣ 'ਤੇ ਇਹ ਗੱਲ ਆਖੀ। ਉਨ੍ਹਾ ਕਿਹਾ—ਵਿਚਾਰੀ ਔਰਤ, ਰਾਸ਼ਟਰਪਤੀ ਅੰਤ ਤੱਕ ਬਹੁਤ ਥੱਕ ਗਈ ਸੀ। ਉਹ ਬਹੁਤ ਮੁਸ਼ਕਲ ਨਾਲ ਬੋਲ ਸਕਦੀ ਸੀ, ਮਾੜੀ ਚੀਜ਼।

ਕਾਂਗਰਸ ਨੇਤਾ ਰਾਹੁਲ ਗਾਂਧੀ ਨੇ ਪਹਿਲਾਂ ਕੋਈ ਟਿੱਪਣੀ ਨਹੀਂ ਕੀਤੀ, ਪਰ ਜਦੋਂ ਸੋਨੀਆ ਨੇ ਆਪਣੀ ਟਿੱਪਣੀ ਕੀਤੀ, ਤਾਂ ਰਾਹੁਲ ਨੇ ਕਿਹਾ—ਰਾਸ਼ਟਰਪਤੀ ਵਾਰ-ਵਾਰ ਉਹੀ ਗੱਲ ਦੁਹਰਾ ਰਹੇ ਸਨ।

ਰਾਸ਼ਟਰਪਤੀ ਮੁਰਮੂ 'ਤੇ ਸੋਨੀਆ ਦੀ ਟਿੱਪਣੀ ਤੋਂ ਕੁਝ ਪਲ ਬਾਅਦ ਭਾਜਪਾ ਮੁਖੀ ਜੇ ਪੀ ਨੱਢਾ ਨੇ ਜਵਾਬੀ ਹਮਲਾ ਕਰਦਿਆਂ ਕਿਹਾ ਕਿ ਕਾਂਗਰਸ ਸਿਖਰਲੇ ਸੰਵਿਧਾਨਕ ਅਹੁਦੇ ਦਾ ਅਪਮਾਨ ਕਰਨ 'ਤੇ ਆ ਗਈ ਹੈ।

ਉਨ੍ਹਾ ਕਿਹਾ—ਸਾਬਕਾ ਕਾਂਗਰਸ ਪ੍ਰਧਾਨ ਸੋਨੀਆ ਗਾਂਧੀ ਵੱਲੋਂ ਰਾਸ਼ਟਰਪਤੀ ਦਾ ਹਵਾਲਾ ਦੇਣ ਲਈ ਸ਼ਬਦ 'ਮਾੜੀ ਚੀਜ਼' ਦੀ ਵਰਤੋਂ ਬਹੁਤ ਹੀ ਅਪਮਾਨਜਨਕ ਹੈ ਅਤੇ ਵਿਰੋਧੀ ਧਿਰ ਵੱਲੋਂ ਸਰਵਉੱਚ ਸੰਵਿਧਾਨਕ ਅਹੁਦੇ ਦੀ ਸ਼ਾਨ ਪ੍ਰਤੀ ਨਿਰੰਤਰ ਅਣਦੇਖੀ ਨੂੰ ਉਜਾਗਰ ਕਰਦੀ ਹੈ। ਬਦਕਿਸਮਤੀ ਨਾਲ ਇਹ ਕੋਈ ਇਕੱਲੀ ਘਟਨਾ ਨਹੀਂ।

ਉਨ੍ਹਾ ਕਿਹਾ, 'ਜਦੋਂ ਰਾਸ਼ਟਰਪਤੀ ਸਰਕਾਰ ਦੀਆਂ ਪ੍ਰਾਪਤੀਆਂ ਨੂੰ ਉਜਾਗਰ ਕਰ ਰਹੇ ਸਨ, ਤਾਂ ਆਪਣੀ ਜਗੀਰੂ ਮਾਨਸਿਕਤਾ ਤੋਂ ਪ੍ਰੇਰਿਤ ਵਿਰੋਧੀ ਧਿਰ ਨੇ ਪੱਛੜੇ ਵਰਗਾਂ ਅਤੇ ਔਰਤਾਂ ਦੇ ਸਸ਼ਕਤੀਕਰਨ ਦਾ ਮਜ਼ਾਕ ਉਡਾਇਆ, ਜਦੋਂਕਿ ਇਹ ਪ੍ਰਧਾਨ ਮੰਤਰੀ ਮੋਦੀ ਦੀ ਅਗਵਾਈ ਹੇਠ ਲਿਆਂਦੀ ਗਈ ਇੱਕ ਸ਼ਾਨਦਾਰ ਤਬਦੀਲੀ ਹੈ। ਰਾਸ਼ਟਰਪਤੀ ਭਵਨ ਨੇ ਬਿਆਨ ਵਿੱਚ ਕਿਹਾ ਕਿ ਰਾਸ਼ਟਰਪਤੀ ਦਰੋਪਦੀ ਮੁਰਮੂ ਦੇ ਸੰਸਦ ਨੂੰ ਸੰਬੋਧਨ 'ਤੇ ਕਾਂਗਰਸ ਆਗੂਆਂ ਦੀਆਂ ਟਿੱਪਣੀਆਂ ਸਪੱਸ਼ਟ ਤੌਰ 'ਤੇ ਉੱਚ ਅਹੁਦੇ ਦੀ ਸ਼ਾਨ ਨੂੰ ਠੇਸ ਪਹੁੰਚਾਉਂਦੀਆਂ ਹਨ ਅਤੇ ਇਸ ਲਈ ਇਹ ਅਸਵੀਕਾਰਨਯੋਗ ਹਨ। ਰਾਸ਼ਟਰਪਤੀ ਦਫ਼ਤਰ ਨੇ ਕਿਹਾ ਕਿ ਉਨ੍ਹਾਂ ਦਾ ਮੰਨਣਾ ਹੈ ਕਿ ਇਹ ਹੋ ਸਕਦਾ ਹੈ ਕਿ ਇਹ ਆਗੂ 'ਹਿੰਦੀ ਵਰਗੀਆਂ ਭਾਰਤੀ ਭਾਸ਼ਾਵਾਂ ਵਿੱਚ ਮੁਹਾਵਰੇ ਅਤੇ ਬੋਲ-ਚਾਲ' ਦੇ ਤਰੀਕੇ ਤੋਂ ਜਾਣੂ ਨਹੀਂ ਸਨ ਅਤੇ ਇਸ ਤਰ੍ਹਾਂ ਇੱਕ ਗਲਤ ਪ੍ਰਭਾਵ ਪੈਦਾ ਹੋਇਆ ਹੈ। ਰਾਸ਼ਟਰਪਤੀ ਦਫ਼ਤਰ ਨੇ ਕਿਹਾ—ਕਿਸੇ ਵੀ ਹਾਲਤ ਵਿੱਚ, ਅਜਿਹੀਆਂ ਟਿੱਪਣੀਆਂ ਬੇਸੁਆਦੀਆਂ, ਮੰਦਭਾਗੀਆਂ ਸਨ ਅਤੇ ਇਨ੍ਹਾਂ ਤੋਂ ਪੂਰੀ ਤਰ੍ਹਾਂ ਬਚਿਆ ਜਾਣਾ ਚਾਹੀਦਾ ਸੀ।

ਗੌਰਤਲਬ ਹੈ ਕਿ ਸ਼ੁੱਕਰਵਾਰ ਰਾਸ਼ਟਰਪਤੀ ਵੱਲੋਂ ਸਾਂਝੇ ਅਜਲਾਸ ਨੂੰ ਸੰਬੋਧਨ ਕੀਤੇ ਜਾਣ ਤੋਂ ਤੁਰੰਤ ਬਾਅਦ ਕਾਂਗਰਸ ਆਗੂ ਸੋਨੀਆ ਗਾਂਧੀ, ਰਾਹੁਲ ਗਾਂਧੀ ਅਤੇ ਪ੍ਰਿਅੰਕਾ ਗਾਂਧੀ ਵਾਡਰਾ ਨੂੰ ਭਾਸ਼ਣ 'ਤੇ ਚਰਚਾ ਕਰਦੇ ਦੇਖਿਆ ਗਿਆ। ਸੋਨੀਆ ਗਾਂਧੀ ਨੇ ਕਥਿਤ ਤੌਰ 'ਤੇ ਸੋਸ਼ਲ ਮੀਡੀਆ 'ਤੇ ਵਾਇਰਲ ਹੋ ਰਹੀ ਇੱਕ ਵੀਡੀਓ ਵਿੱਚ ਕਿਹਾ, 'ਵਿਚਾਰੀ ਔਰਤ, ਰਾਸ਼ਟਰਪਤੀ, ਅੰਤ ਤੱਕ ਬਹੁਤ ਥੱਕ ਗਈ ਸੀ । ਮਾੜੀ ਚੀਜ਼, ਉਹ ਮੁਸ਼ਕਲ ਨਾਲ ਬੋਲ ਸਕਦੀ ਸੀ।'

ਰਾਸ਼ਟਰਪਤੀ ਭਵਨ ਨੇ ਰਾਸ਼ਟਰਪਤੀ ਦੇ ਸੰਸਦ ਵਿੱਚ ਭਾਸ਼ਣ 'ਤੇ ਮੀਡੀਆ 'ਤੇ ਪ੍ਰਤੀਕਿਰਿਆ ਦਿੰਦੇ ਹੋਏ ਕਿਹਾ—ਕਾਂਗਰਸ ਪਾਰਟੀ ਦੇ ਕੁਝ ਪ੍ਰਮੁੱਖ ਨੇਤਾਵਾਂ ਨੇ ਅਜਿਹੀਆਂ ਟਿੱਪਣੀਆਂ ਕੀਤੀਆਂ ਹਨ, ਜੋ ਸਪੱਸ਼ਟ ਤੌਰ 'ਤੇ ਉੱਚ ਅਹੁਦੇ ਦੀ ਸ਼ਾਨ ਨੂੰ ਠੇਸ ਪਹੁੰਚਾਉਂਦੀਆਂ ਹਨ ਅਤੇ ਇਸ ਲਈ ਇਹ ਅਸਵੀਕਾਰਨਯੋਗ ਹਨ। ਇਨ੍ਹਾਂ ਨੇਤਾਵਾਂ ਨੇ ਕਿਹਾ ਕਿ ਰਾਸ਼ਟਰਪਤੀ ਅੰਤ ਤੱਕ ਬਹੁਤ ਥੱਕ ਰਹੇ ਸਨ ਅਤੇ ਉਹ ਮੁਸ਼ਕਲ ਨਾਲ ਬੋਲ ਸਕਦੇ ਸਨ। ਰਾਸ਼ਟਰਪਤੀ ਭਵਨ ਨੂੰ ਸਾਫ਼ ਕਰਨਾ ਚਾਹੁੰਦਾ ਹੈ ਕਿ ਸੱਚਾਈ ਤੋਂ ਅਗਾਂਹ ਕੁਝ ਵੀ ਨਹੀਂ ਹੋ ਸਕਦਾ। ਰਾਸ਼ਟਰਪਤੀ ਕਿਸੇ ਵੀ ਸਮੇਂ ਥੱਕੇ ਨਹੀਂ ਸਨ। ਹਕੀਕਤ ਵਿਚ ਤਾਂ ਉਨ੍ਹਾਂ ਦਾ ਮੰਨਣਾ ਹੈ ਕਿ ਹਾਸ਼ੀਏ 'ਤੇ ਧੱਕੇ ਭਾਈਚਾਰਿਆਂ, ਔਰਤਾਂ ਅਤੇ ਕਿਸਾਨਾਂ ਲਈ ਬੋਲਣਾ, ਜਿਵੇਂ ਉਹ ਆਪਣੇ ਭਾਸ਼ਣ ਦੌਰਾਨ ਕਹਿ ਰਹੇ ਸਨ, ਕਦੇ ਵੀ ਥਕਾਵਟ ਵਾਲਾ ਨਹੀਂ ਹੋ ਸਕਦਾ।

## ਚੋਲਾ ਚੜ੍ਹਾਉਣ ਵੇਲੇ ਡਿੱਗਣ ਕਾਰਨ ਸੇਵਾਦਾਰ ਦੀ ਮੌਤ



**ਬਟਾਲਾ** : ਇੱਥੋਂ ਦੇ ਇਤਿਹਾਸਕ ਗੁਰਦੁਆਰਾ ਕੰਧ ਸਾਹਿਬ ਵਿਖੇ ਸ਼ੁੱਕਰਵਾਰ ਨਿਸ਼ਾਨ ਸਾਹਿਬ ਦਾ ਚੋਲਾ ਚੜ੍ਹਾਉਂਦੇ ਸਮੇਂ ਤਾਰ ਟੁੱਟਣ ਕਾਰਨ ਹੇਠਾਂ ਡਿੱਗਣ ਕਰ ਕੇ ਸੇਵਾਦਾਰ ਸਤਨਾਮ ਸਿੰਘ ਪੁੱਤਰ ਦਲੀਪ ਸਿੰਘ ਵਾਸੀ ਬਾਲੇਵਾਲ ਦੀ ਮੌਤ ਹੋ ਗਈ। ਗੰਭੀਰ ਜ਼ਖਮੀ ਹਾਲਤ 'ਚ ਉਸ ਨੂੰ ਤੁਰੰਤ ਬਟਾਲਾ ਦੇ ਹਸਪਤਾਲ ਲਿਜਾਇਆ ਗਿਆ, ਜਿੱਥੇ ਡਾਕਟਰਾਂ ਨੇ ਮ੍ਰਿਤਕ ਐਲਾਨ ਦਿੱਤਾ। ਉਹ ਆਰਜ਼ੀ ਤੌਰ 'ਤੇ ਬਿਜਲੀ ਮਕੈਨਿਕ ਵਜੋਂ ਸੇਵਾ ਨਿਭਾਅ ਰਿਹਾ ਸੀ ਅਤੇ ਨਿਸ਼ਾਨ ਸਾਹਿਬ ਚੜ੍ਹਾਉਣ ਦੀ ਸੇਵਾ ਵੀ ਪਿਛਲੇ ਲੰਮੇ ਸਮੇਂ ਤੋਂ ਕਰਦਾ ਆ ਰਿਹਾ ਸੀ। ਉਹ ਸਵੇਰੇ 70 ਫੁੱਟ ਉੱਚੇ ਨਿਸ਼ਾਨ ਸਾਹਿਬ 'ਤੇ ਚੜ੍ਹਿਆ ਤਾਂ ਅਚਾਨਕ ਤਾਰ ਟੁੱਟ ਗਈ।

## ਸ਼ੰਭੂ ਮੋਰਚੇ 'ਤੇ ਕਿਸਾਨ ਦੀ ਮੌਤ

**ਪਟਿਆਲਾ (ਰਾਜਿੰਦਰ ਸਿੰਘ ਥਿੰਦ)** : ਸ਼ੰਭੂ ਮੋਰਚੇ 'ਚ ਹਿੱਸਾ ਲੈ ਰਹੇ ਜ਼ਿਲ੍ਹਾ ਅੰਮ੍ਰਿਤਸਰ ਦੇ ਪਿੰਡ ਕੱਕੜ ਦੇ ਕਿਸਾਨ ਪਰਗਟ ਸਿੰਘ ਪੁੱਤਰ ਤਰਲੋਕ ਸਿੰਘ ਦੀ ਸ਼ੁੱਕਰਵਾਰ ਦਿਲ ਦਾ ਦੌਰਾ ਪੈਣ ਕਰਨ ਮੌਤ ਹੋ ਗਈ। ਪਰਗਟ ਸਿੰਘ (65 ) ਦੋ ਏਕੜ ਭੋਇੰ ਦਾ ਮਾਲਕ ਸੀ। ਉਹ ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਵੱਲੋਂ ਮੋਰਚੇ ਵਿੱਚ ਪਹੁੰਚਿਆ ਸੀ।

## ਬੇਅਦਬੀ ਦੀ ਕੋਸ਼ਿਸ਼

**ਜਲੰਧਰ** : ਥਾਣਾ ਆਦਮਪੁਰ ਅਧੀਨ ਪਿੰਡ ਚੋਮੋ ਦੇ ਗੁਰਦੁਆਰਾ ਸਾਹਿਬ ਵਿਖੇ ਸ਼ੁੱਕਰਵਾਰ ਸਵੇਰੇ ਕਰੀਬ 6 ਵਜੇ ਪਿੰਡ ਦੀ ਕਰੀਬ 55 ਸਾਲਾ ਔਰਤ ਵੱਲੋਂ ਬੇਅਦਬੀ ਕਰਨ ਦੀ ਕੋਸ਼ਿਸ਼ ਕੀਤੀ ਗਈ। ਮੌਕੇ 'ਤੇ ਹਾਜ਼ਰ ਗ੍ਰੰਥੀ ਸਿੰਘ, ਗੁਰਦੁਆਰਾ ਪ੍ਰਬੰਧਕ ਕਮੇਟੀ ਸਮੇਤ ਲੋਕਾਂ ਨੇ ਉਸ ਨੂੰ ਕਾਬੂ ਕਰਕੇ ਪੁਲਸ ਹਵਾਲੇ ਕਰ ਦਿੱਤਾ ਗਿਆ। ਘਟਨਾ ਗੁਰਦੁਆਰਾ ਸਾਹਿਬ ਦੇ ਸੀ ਸੀ ਟੀ ਵੀ ਕੈਮਰਿਆਂ ਵਿੱਚ ਰਿਕਾਰਡ ਹੋ ਗਈ ਹੈ। ਪੁਲਸ ਜਾਂਚ ਕਰ ਰਹੀ ਸੀ।

## ਦੋ ਦਹਿਸ਼ਤਗਰਦ ਹਲਾਕ

**ਜੰਮੂ** : ਪੁੰਛ ਜ਼ਿਲ੍ਹੇ ਵਿੱਚ ਐੱਲ ਓ ਸੀ ਰਾਹੀਂ ਹਥਿਆਰਾਂ ਸਮੇਤ ਘੁਸਪੈਠ ਦੀ ਕੋਸ਼ਿਸ਼ ਕਰ ਰਹੇ ਦੋ ਦਹਿਸ਼ਤਗਰਦਾਂ ਨੂੰ ਜਵਾਨਾਂ ਨੇ ਮਾਰ ਦਿੱਤਾ। ਘਟਨਾ ਵੀਰਵਾਰ ਰਾਤ ਖਾਰੀ ਕਰਮਾਰਾ ਖੇਤਰ ਵਿੱਚ ਹੋਈ। ਫੌਜ ਨੇ ਦੱਸਿਆ ਕਿ ਰਾਤ ਭਰ ਹੋਏ ਮੁਕਾਬਲੇ ਦੌਰਾਨ ਦੋ ਦਹਿਸ਼ਤਗਰਦ ਮਾਰੇ ਗਏ।

# ਖਾਣੇ 'ਚ ਸਵਾਹ ਮਿਲਾਉਂਦਾ ਥਾਣੇਦਾਰ ਸਸਪੈਂਡ



**ਪ੍ਰਯਾਗਰਾਜ** : ਮਹਾਕੁੰਭ ਵਿੱਚ ਸ਼ਰਧਾਲੂਆਂ ਲਈ ਤਿਆਰ ਕੀਤੇ ਗਏ ਭੰਡਾਰੇ ਦੇ ਖਾਣੇ 'ਚ ਸਵਾਹ ਮਿਲਾਉਣ ਦਾ ਵੀਡੀਓ ਸੋਸ਼ਲ ਮੀਡੀਆ 'ਤੇ ਵੱਡੇ ਪੱਧਰ 'ਤੇ ਵਾਇਰਲ ਹੋ ਰਿਹਾ ਹੈ।

ਸਵਾਹ ਮਿਲਾਉਂਦੇ ਨਜ਼ਰ ਆ ਰਹੇ ਸੋਰਾਂਵ ਥਾਣੇ ਦੇ ਐੱਸ ਐੱਚ ਓ ਬ੍ਰਿਜੇਸ਼ ਕੁਮਾਰ ਤਿਵਾੜੀ ਨੂੰ ਸਸਪੈਂਡ ਕਰ ਦਿੱਤਾ ਗਿਆ ਹੈ। ਇਸ ਘਟਨਾ ਨਾਲ ਸ਼ਰਧਾਲੂਆਂ ਵਿੱਚ ਗੁੱਸਾ ਫੈਲ ਗਿਆ ਹੈ। ਲੋਕਾਂ ਨੇ ਮੁਲਜ਼ਮ ਅਧਿਕਾਰੀ 'ਤੇ ਸਖਤ ਕਾਰਵਾਈ ਦੀ ਮੰਗ ਕੀਤੀ ਹੈ।

# ਜਨਮ ਅਧਿਕਾਰ ਨਾਗਰਿਕਤਾ ਗੁਲਾਮਾਂ ਦੇ ਬੱਚਿਆਂ ਲਈ, ਨਾ ਕਿ ਅਮਰੀਕਾ ਆਉਂਦੇ ਸਾਰਿਆਂ ਲਈ : ਟਰੰਪ



**ਵਾਸ਼ਿੰਗਟਨ** : ਰਾਸ਼ਟਰਪਤੀ ਡੋਨਾਲਡ ਟਰੰਪ ਨੇ ਕਿਹਾ ਹੈ ਕਿ ਜਨਮ ਅਧਿਕਾਰ ਨਾਗਰਿਕਤਾ ਮੁੱਖ ਤੌਰ 'ਤੇ ਗੁਲਾਮਾਂ ਦੇ ਬੱਚਿਆਂ ਲਈ ਹੈ, ਨਾ ਕਿ ਪੂਰੀ ਦੁਨੀਆ ਲਈ ਅਮਰੀਕਾ ਵਿੱਚ ਆਉਣ ਅਤੇ ਇਕੱਠ ਕਰਨ ਲਈ।

ਕਾਰਜਕਾਲ ਸੰਭਾਲਣ ਮੌਕੇ ਟਰੰਪ ਨੇ ਜਨਮ ਅਧਿਕਾਰ ਨਾਗਰਿਕਤਾ ਦੇ ਵਿਰੁੱਧ ਇੱਕ ਕਾਰਜਕਾਰੀ ਆਦੇਸ਼ ਜਾਰੀ ਕੀਤਾ ਸੀ, ਜਿਸ ਨੂੰ ਅਗਲੇ ਦਿਨ ਸੀਏਟਲ ਦੀ ਇੱਕ ਸੰਘੀ ਅਦਾਲਤ ਨੇ ਰੱਦ ਕਰ ਦਿੱਤਾ। ਟਰੰਪ ਨੇ ਕਿਹਾ ਕਿ ਉਹ ਇਸ ਦੇ ਖਿਲਾਫ ਅਪੀਲ ਕਰਨਗੇ। ਉਨ੍ਹਾ ਵਿਸ਼ਵਾਸ ਪ੍ਰਗਟਾਇਆ ਕਿ ਸੁਪਰੀਮ ਕੋਰਟ ਉਨ੍ਹਾਂ ਦੇ ਹੱਕ ਵਿੱਚ ਫੈਸਲਾ ਕਰੇਗੀ।

ਟਰੰਪ ਨੇ ਪੱਤਰਕਾਰਾਂ ਨੂੰ ਕਿਹਾ—ਜਨਮ ਅਧਿਕਾਰ ਨਾਗਰਿਕਤਾ ਬਾਰੇ ਜੇ ਤੁਸੀਂ ਇਸ ਨੂੰ ਪਾਸ ਕਰਨ ਅਤੇ ਬਣਾਏ ਜਾਣ ਵੇਲੇ ਪਿੱਛੇ ਮੁੜ ਕੇ ਵੇਖਦੇ ਹੋ, ਤਾਂ ਇਹ ਗੁਲਾਮਾਂ ਦੇ ਬੱਚਿਆਂ ਲਈ ਸੀ। ਇਸ ਦਾ ਮਤਲਬ ਇਹ ਨਹੀਂ ਸੀ ਕਿ ਸਾਰੀ ਦੁਨੀਆ ਅੰਦਰ ਆ ਕੇ ਅਮਰੀਕਾ ਵਿੱਚ ਇਕੱਠੀ ਹੋ ਜਾਵੇ। ਸੈਂਟਰ ਫਾਰ ਇਮੀਗ੍ਰੇਸ਼ਨ ਸਟੱਡੀਜ਼ ਦਾ ਅੰਦਾਜ਼ਾ ਹੈ ਕਿ 2023 ਵਿੱਚ ਗੈਰ-ਕਾਨੂੰਨੀ ਪ੍ਰਵਾਸੀਆਂ ਦੇ 2,25,000 ਤੋਂ 2,50,000 ਬੱਚਿਆਂ ਦੇ ਜਨਮ ਹੋਏ, ਜੋ ਕਿ ਅਮਰੀਕਾ ਵਿੱਚ ਜਨਮਿਆਂ ਦਾ ਸੱਤ ਪ੍ਰਤੀਸ਼ਤ ਦੇ ਕਰੀਬ ਹੈ। 2025 ਦਾ ਜਨਮ ਅਧਿਕਾਰ ਨਾਗਰਿਕਤਾ ਕਾਨੂੰਨ ਇਹ ਨਿਸਚਿਤ ਕਰਦਾ ਹੈ ਕਿ ਕੌਣ ਅਮਰੀਕਾ ਵਿੱਚ ਆਪਣੇ ਜਨਮ ਦੇ ਆਧਾਰ 'ਤੇ ਨਾਗਰਿਕਤਾ ਪ੍ਰਾਪਤ ਕਰ ਸਕਦਾ ਹੈ।

# ਕੋਲਕਾਤਾ 'ਚ ਸਰੇਬਾਜ਼ਾਰ ਮੁਟਿਆਰ ਦਾ ਕਤਲ

**ਕੋਲਕਾਤਾ** : ਇੱਥੇ ਇੱਕ ਪ੍ਰਸਿੱਧ ਭੋਜਨਸ਼ਾਲਾ ਦੇ ਬਾਹਰ ਤਿੰਨ ਵਿਅਕਤੀਆਂ ਨੇ ਇਕ ਔਰਤ ਨੂੰ ਸਰੇਬਾਜ਼ਾਰ ਚਾਕੂ ਮਾਰ-ਮਾਰ ਕੇ ਮਾਰ ਸੁੱਟਿਆ। ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਹੈ, ਜਿਨ੍ਹਾਂ ਵਿੱਚ ਇੱਕ ਨਾਬਾਲਗ ਵੀ ਸ਼ਾਮਲ ਹੈ। ਮੁਲਜ਼ਮਾਂ ਨੇ ਪੀੜਤਾ ਰੋਫ਼ੀਆ ਸ਼ਕੀਲ (20 ਸਾਲ) ਨੂੰ ਮਸ਼ਹੂਰ ਢਾਬੇ ਦੇ ਕੋਲ ਇੱਕ ਕਾਰ ਤੋਂ ਖਿੱਚ ਕੇ ਹੇਠਾਂ ਸੁੱਟ ਲਿਆ। ਰੋਫ਼ੀਆ ਨੇ ਭੱਜ ਕੇ ਜਾਨ ਬਚਾਉਣ ਦੀ ਕੋਸ਼ਿਸ਼ ਕੀਤੀ, ਪਰ ਮੁਲਜ਼ਮਾਂ ਨੇ ਉਸ ਦਾ ਪਿੱਛਾ ਕਰਦਿਆਂ ਉਸ ਨੂੰ ਮਾਰ ਸੁੱਟਿਆ।

ਪੁਲਸ ਅਧਿਕਾਰੀ ਨੇ ਕਿਹਾ ਕਿ ਪੁਲਸ ਨੂੰ ਨਰਕੇਲਡੰਗਾ ਖੇਤਰ ਦੇ ਰਾਜਾ ਰਾਮਨਾਰਾਇਣ ਸਟਰੀਟ ਦੇ ਰਹਿਣ ਵਾਲੇ ਮੁਹੰਮਦ ਫਾਰੂਖ ਅਨਸਾਰੀ ਅਤੇ ਰੋਫ਼ੀਆ ਦਰਮਿਆਨ ਕਥਿਤ ਨਾਜਾਇਜ਼ ਸੰਬੰਧਾਂ ਦਾ ਸ਼ੱਕ ਹੈ, ਜਿਸ ਕਾਰਨ ਅਨਸਾਰੀ ਦੇ ਪਰਵਾਰਕ ਮੈਂਬਰਾਂ ਵੱਲੋਂ ਉਸ 'ਤੇ ਕਥਿਤ ਹਮਲਾ ਕੀਤਾ ਗਿਆ। ਘਟਨਾ ਵੀਰਵਾਰ ਰਾਤ 8.30 ਵਜੇ ਦੇ ਕਰੀਬ ਵਾਪਰੀ, ਜਦੋਂ ਪੀੜਤਾ ਅਤੇ ਅਨਸਾਰੀ ਪੂਰਬੀ ਮੈਟਰੋਪੋਲੀਟਨ ਬਾਈਪਾਸ ਦੇ ਨਾਲ ਲੱਗਦੇ ਢਾਬੇ 'ਤੇ ਪਹੁੰਚੇ।

ਹਮਲਾਵਰਾਂ ਵਿਚ ਇੱਕ ਅੱਲ੍ਹੜ ਨੌਜਵਾਨ, ਉਸ ਦੀ ਮਾਂ ਅਤੇ ਇੱਕ 22 ਸਾਲਾ ਵਿਅਕਤੀ ਸ਼ਾਮਲ ਸਨ, ਜਿਨ੍ਹਾਂ ਰੋਫ਼ੀਆ ਦੀ ਗਰਦਨ 'ਤੇ ਤੇਜ਼ਧਾਰ ਹਥਿਆਰ ਨਾਲ ਕਈ ਵਾਰ ਕੀਤੇ। ਮੁਲਜ਼ਮ ਕਥਿਤ ਤੌਰ 'ਤੇ ਇੱਕ ਵੱਖਰੀ ਗੱਡੀ ਵਿੱਚ ਦੋਵਾਂ ਦਾ ਪਿੱਛਾ ਕਰ ਰਹੇ ਸਨ। ਅਧਿਕਾਰੀ ਨੇ ਕਿਹਾ ਕਿ ਅਨਸਾਰੀ ਫ਼ਰਾਰ ਹੈ ਅਤੇ ਹਮਲਾਵਰਾਂ ਵਿੱਚ ਸ਼ਾਮਲ ਔਰਤ ਉਸ ਦੀ ਪਤਨੀ ਦੱਸੀ ਜਾਂਦੀ ਹੈ। ਉਨ੍ਹਾ ਕਿਹਾ ਕਿ ਪੀੜਤਾ ਵੀ ਕਿਸੇ ਹੋਰ ਆਦਮੀ ਨਾਲ ਵਿਆਹੀ ਹੋਈ ਸੀ।

# ਆਰਥਕ ਸਰਵੇਖਣ 'ਚ ਅਨਾਜ ਦੀ ਵਧੀ ਪੈਦਾਵਾਰ ਘਟਾਉਣ ਦਾ ਸੁਝਾਅ

**ਨਵੀਂ ਦਿੱਲੀ** : ਸ਼ੁੱਕਰਵਾਰ ਸੰਸਦ ਵਿੱਚ ਪੇਸ਼ ਕੀਤੇ ਗਏ ਆਰਥਕ ਸਰਵੇਖਣ ਵਿੱਚ ਕਿਹਾ ਗਿਆ ਹੈ ਕਿ ਮਜ਼ਬੂਤ ਬੁਨਿਆਦਾਂ, ਵਿੱਤੀ ਇਕਜੁੱਟਤਾ ਅਤੇ ਸਥਿਰ ਨਿੱਜੀ ਖ਼ਪਤ ਦੇ ਕਾਰਨ ਭਾਰਤ ਵਿੱਚ ਵਿੱਤੀ ਸਾਲ 2025-26 'ਚ ਕੁੱਲ ਘਰੇਲੂ ਪੈਦਾਵਾਰ (ਜੀ ਡੀ ਪੀ) ਵਿਕਾਸ ਦਰ 6.3 ਤੋਂ 6.8 ਫ਼ੀਸਦੀ ਦਰਜ ਕੀਤੇ ਜਾਣ ਦੀ ਉਮੀਦ ਹੈ। ਮੌਜੂਦਾ ਵਿੱਤੀ ਸਾਲ ਵਿੱਚ ਆਰਥਿਕ ਵਿਕਾਸ ਦਰ 4 ਸਾਲਾਂ ਦੇ ਹੇਠਲੇ ਪੱਧਰ 6.4 ਫ਼ੀਸਦੀ ਤੱਕ ਖਿਸਕਣ ਦਾ ਅਨੁਮਾਨ ਹੈ। ਵਿੱਤ ਮੰਤਰੀ ਨਿਰਮਲਾ ਸੀਤਾਰਮਨ ਵੱਲੋਂ ਸੰਸਦ ਦੇ ਦੋਵਾਂ ਸਦਨਾਂ ਵਿੱਚ ਪੇਸ਼ ਕੀਤੇ ਗਏ ਆਰਥਕ ਸਰਵੇਖਣ 2024-25 ਵਿੱਚ ਕਿਹਾ ਗਿਆ ਹੈ ਕਿ ਇੱਕ ਮਜ਼ਬੂਤ ਬਾਹਰੀ ਲੇਖੇ, ਕੈਲੀਬਰੇਟਿਡ ਵਿੱਤੀ ਇਕਜੁੱਟਤਾ ਅਤੇ ਸਥਿਰ ਨਿੱਜੀ ਖਪਤ ਦੇ ਨਾਲ ਘਰੇਲੂ ਅਰਥਚਾਰੇ ਦੇ ਬੁਨਿਆਦੀ ਸਿਧਾਂਤ ਮਜ਼ਬੂਤ ਬਣੇ ਹੋਏ ਹਨ। ਇਸ ਸਦਕਾ ਅਸੀਂ ਉਮੀਦ ਕਰਦੇ ਹਾਂ ਕਿ ਮਾਲੀ ਸਾਲ 2025-26 ਵਿੱਚ ਵਿਕਾਸ 6.3 ਅਤੇ 6.8 ਫ਼ੀਸਦੀ ਦੇ ਵਿਚਕਾਰ ਰਹੇਗਾ। ਸਰਵੇਖਣ ਵਿੱਚ ਖੇਤੀਬਾੜੀ ਦੇ ਮਾਮਲੇ 'ਤੇ ਗੱਲ ਕਰਦਿਆਂ ਅਨਾਜ ਦੀ ਬਹੁਤ ਵਧੀ ਹੋਈ ਪੈਦਾਵਾਰ ਨੂੰ ਘਟ ਕਰਨ ਦੇ ਨਾਲ-ਨਾਲ ਦਾਲਾਂ ਅਤੇ ਖ਼ੁਰਾਕੀ ਤੇਲਾਂ ਦੀ ਪੈਦਾਵਾਰ ਵਧਾਉਣ ਲਈ ਨੀਤੀਗਤ ਸੁਧਾਰਾਂ ਦਾ ਸੁਝਾਅ ਦਿੱਤਾ ਗਿਆ ਹੈ। ਆਰਥਕ ਸਰਵੇਖਣ 2024-25 ਵਿੱਚ ਜ਼ੋਰ ਦਿੱਤਾ ਗਿਆ ਹੈ ਕਿ ਭਾਰਤ ਦੇ ਖੇਤੀਬਾੜੀ ਖੇਤਰ ਵਿੱਚ ਵੱਖ-ਵੱਖ ਵਿਕਾਸ ਪਹਿਲਕਦਮੀਆਂ ਦੇ ਬਾਵਜੂਦ 'ਅਹਿਮ ਅਣਵਰਤੀ ਵਿਕਾਸ ਸੰਭਾਵਨਾ' ਮੌਜੂਦ ਹੈ ।ਇਸ ਵਿੱਚ ਕਿਹਾ ਗਿਆ ਹੈ ਕਿ ਕਿਸਾਨਾਂ ਨੂੰ ਬਾਜ਼ਾਰ ਤੋਂ ਬਿਨਾਂ ਕਿਸੇ ਰੁਕਾਵਟ ਦੇ ਕੀਮਤ ਸੰਕੇਤ ਪ੍ਰਾਪਤ ਕਰਨ ਦੀ ਖੁੱਲ੍ਹ ਦਿੱਤੀ ਜਾਣੀ ਚਾਹੀਦੀ ਹੈ ਅਤੇ ਨਾਲ ਹੀ ਕਮਜ਼ੋਰ ਪਰਵਾਰਾਂ ਦੀ ਰੱਖਿਆ ਲਈ ਵੱਖਰਾ ਢਾਂਚਾ ਵਿਕਸਤ ਕੀਤਾ ਜਾਣਾ ਚਾਹੀਦਾ ਹੈ। ਦਸਤਾਵੇਜ਼ ਵਿੱਚ ਤਿੰਨ ਮੁੱਖ ਨੀਤੀਗਤ ਤਬਦੀਲੀਆਂ ਦੀ ਲੋੜ ਦੱਸੀ ਗਈ ਹੈ—ਮੁੱਲ ਜੋਖਮ ਤੋਂ ਬਚਣ ਲਈ ਬਾਜ਼ਾਰ ਢਾਂਚਾ ਕਾਇਮ ਕਰਨਾ, ਖੇਤੀ ਵਿਚ ਖਾਦਾਂ ਦੀ ਬਹੁਤ ਜ਼ਿਆਦਾ ਵਰਤੋਂ ਨੂੰ ਰੋਕਣਾ ਅਤੇ ਪਾਣੀ ਤੇ ਬਿਜਲੀ-ਅਧਾਰਤ ਕਾਸ਼ਤਕਾਰੀ ਨੂੰ ਘਟਾਉਣਾ।

## ਸਰਕਾਰ ਕਿਸਾਨਾਂ ਦੀ ਆਮਦਨ ਵਧਾਉਣ ਲਈ ਯਤਨਸ਼ੀਲ : ਰਾਸ਼ਟਰਪਤੀ

**ਨਵੀਂ ਦਿੱਲੀ** : ਸੰਸਦ ਦੇ ਸਾਂਝੇ ਸੈਸ਼ਨ ਨੂੰ ਸੰਬੋਧਨ ਕਰਦਿਆਂ ਰਾਸ਼ਟਰਪਤੀ ਦਰੋਪਦੀ ਮੁਰਮੂ ਨੇ ਸ਼ੁੱਕਰਵਾਰ ਵਕਫ਼ ਬੋਰਡਾਂ ਅਤੇ ਇੱਕ ਰਾਸ਼ਟਰ-ਇੱਕ ਚੋਣ ਵਰਗੇ ਮੁੱਦਿਆਂ 'ਤੇ ਫੈਸਲਿਆਂ ਦਾ ਹਵਾਲਾ ਦਿੰਦੇ ਹੋਏ ਕਿਹਾ ਕਿ ਸਰਕਾਰ ਦੇ ਤੀਜੇ ਕਾਰਜਕਾਲ ਵਿੱਚ ਪਿਛਲੇ ਪ੍ਰਸ਼ਾਸਨ ਨਾਲੋਂ ਤਿੰਨ ਗੁਣਾ ਤੇਜ਼ੀ ਨਾਲ ਕੰਮ ਕੀਤਾ ਜਾ ਰਿਹਾ ਹੈ।

ਉਨ੍ਹਾ ਕਿਹਾ—ਮੇਰੀ ਸਰਕਾਰ ਨੇ ਨਾ ਸਿਰਫ਼ ਮੱਧ ਵਰਗ ਦੇ ਯੋਗਦਾਨ ਨੂੰ ਮਾਨਤਾ ਦਿੱਤੀ ਹੈ, ਸਗੋਂ ਹਰ ਮੌਕੇ 'ਤੇ ਇਸ ਦੀ ਸ਼ਲਾਘਾ ਵੀ ਕੀਤੀ ਹੈ। ਸਰਕਾਰ ਖੇਤੀ ਉਪਜ ਲਈ ਢੁਕਵੇਂ ਰੇਟ ਦੇਣ ਅਤੇ ਕਿਸਾਨਾਂ ਦੀ ਆਮਦਨ ਵਧਾਉਣ ਲਈ ਵੀ ਕੰਮ ਕਰ ਰਹੀ ਹੈ।

## ਅੱਜ-ਨਾਮਾ

ਮੰਤਰੀ ਡਾਢਾ ਹਰਿਆਣੇ ਦਾ ਰੁੱਸ ਤੁਰਿਆ,
ਮਰਨ-ਵਰਤ ਦਾ ਦਾਬਾ ਰਿਹਾ ਦਾਗ ਬੇਲੀ।
ਕਿਹਾ ਅਫਸਰ ਤਾਂ ਮੰਨਦੇ ਹੁਕਮ ਹੈ ਨਹੀਂ,
ਕਾਹਦਾ ਦਿੱਤਾ ਗਿਆ ਮੈਨੂੰ ਵਿਭਾਗ ਬੇਲੀ।
ਭਾਜਪਾ ਆਗੂਆਂ ਨੂੰ ਗਈ ਹੈ ਲੱਗ ਘਾਬਰ,
ਬਗਾਵਤੀ ਨੇਤਾ ਦਾ ਸੁਣਦਿਆਂ ਰਾਗ ਬੇਲੀ।
ਪੁੱਛਣ ਪਏ ਲੋਕ ਸਰਕਾਰ ਦਾ ਬਣੂੰਗਾ ਕੀ,
ਹੋ ਗਿਆ ਮੂਹਰੇ ਬਗਾਵਤ ਦਾ ਨਾਗ ਬੇਲੀ।
ਨਿਪਟਾਰਾ ਚੰਡੀਗੜ੍ਹ ਵਿੱਚ ਤਾਂ ਹੋਊ ਨਾਹੀਂ,
ਸਭ ਕੁਝ ਸਮਝ ਲਓ ਮੋਦੀ ਦੇ ਹੱਥ ਬੇਲੀ।
ਦਿੱਲੀਉਂ ਨਕੇਲ ਵੀ ਕਿਸੇ ਦੀ ਜਾਊ ਖਿੱਚੀ,
ਖਿੱਚੀ ਫਿਰ ਜਾਣੀ ਹੈ ਕਿਸੇ ਦੀ ਨੱਥ ਬੇਲੀ।

-ਤੀਸ ਮਾਰ ਖਾਂ

# ਸੈਣੀ ਦੀ ਥਾਂ ਚੋਣ ਕਮਿਸ਼ਨ ਮੇਰੇ ਪਿੱਛੇ ਪਿਐ : ਕੇਜਰੀਵਾਲ



**ਨਵੀਂ ਦਿੱਲੀ** : 'ਆਪ' ਕਨਵੀਨਰ ਅਰਵਿੰਦ ਕੇਜਰੀਵਾਲ ਸ਼ੁੱਕਰਵਾਰ ਚੋਣ ਕਮਿਸ਼ਨ ਦਫਤਰ ਪੁੱਜੇ ਅਤੇ ਦਾਅਵਾ ਕੀਤਾ ਕਿ ਜੇ 'ਆਪ' ਨੇ ਵਿਰੋਧ ਨਾ ਕੀਤਾ ਹੁੰਦਾ ਤਾਂ ਇਕ ਕਰੋੜ ਦਿੱਲੀ ਵਾਸੀ ਪਾਣੀ ਤੋਂ ਵਾਂਝੇ ਹੋ ਜਾਂਦੇ। ਉਨ੍ਹਾ ਪੱਖਪਾਤ ਦਾ ਦੋਸ਼ ਲਾਉਂਦਿਆਂ ਕਿਹਾ ਕਿ ਹਰਿਆਣਾ ਦੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਵਿਰੁੱਧ ਕਾਰਵਾਈ ਕਰਨ ਦੀ ਬਜਾਏ ਚੋਣ ਕਮਿਸ਼ਨ ਉਨ੍ਹਾ (ਕੇਜਰੀਵਾਲ) ਨੂੰ ਨਿਸ਼ਾਨਾ ਬਣਾ ਰਿਹਾ ਹੈ।

ਕੇਜਰੀਵਾਲ ਨੇ ਕਿਹਾ—ਜੇ ਅਸੀਂ ਵਿਰੋਧ ਨਾ ਕੀਤਾ ਹੁੰਦਾ ਅਤੇ ਰੌਲਾ ਨਾ ਪਾਇਆ ਹੁੰਦਾ ਤਾਂ ਦਿੱਲੀ ਦੇ ਇੱਕ ਕਰੋੜ ਲੋਕਾਂ ਨੂੰ ਪਾਣੀ ਮਿਲਣਾ ਬੰਦ ਹੋ ਜਾਣਾ ਸੀ। ਚੋਣ ਕਮਿਸ਼ਨ ਨੇ ਮੈਨੂੰ ਨੋਟਿਸ ਭੇਜ ਕੇ ਪੁੱਛਿਆ ਹੈ ਕਿ ਕੋਈ ਕਾਰਵਾਈ ਕਿਉਂ ਨਹੀਂ ਕੀਤੀ ਗਈ। ਮੈਂ ਦਿੱਲੀ ਨੂੰ ਪਾਣੀ ਦੇ ਸੰਕਟ ਤੋਂ ਬਚਾਇਆ ਅਤੇ ਮੈਨੂੰ ਧਮਕੀਆਂ ਦਿੱਤੀਆਂ ਜਾ ਰਹੀਆਂ ਹਨ। ਨਾਇਬ ਸੈਣੀ ਦੇ ਵਿਰੁੱਧ ਕਾਰਵਾਈ ਕਰਨ ਦੀ ਬਜਾਏ ਚੋਣ ਕਮਿਸ਼ਨ ਮੇਰੇ ਪਿੱਛੇ ਪਿਆ ਹੈ। ਚੋਣ ਵਾਲੇ ਰਾਜਾਂ ਦੇ ਗੁਆਂਢੀ ਰਾਜ ਪਾਣੀ ਰੋਕ ਕੇ ਚੋਣਾਂ ਨੂੰ ਪ੍ਰਭਾਵਤ ਕਰ ਸਕਦੇ ਹਨ। ਪੈਸੇ, ਸਾੜ੍ਹੀਆਂ, ਜੁੱਤੀਆਂ ਤੇ ਜੈਕਟਾਂ ਖੁੱਲ੍ਹੇਆਮ ਵੰਡੀਆਂ ਜਾ ਰਹੀਆਂ ਹਨ, ਪਰ ਚੋਣ ਕਮਿਸ਼ਨ ਨੇ ਅੱਜ ਤੱਕ ਭਾਜਪਾ ਵਿਰੁੱਧ ਕਾਰਵਾਈ ਕਰਨ ਦੀ ਹਿੰਮਤ ਨਹੀਂ ਦਿਖਾਈ। ਮੈਨੂੰ ਜੋ ਵੀ ਸਜ਼ਾ ਦਿੱਤੀ ਜਾਵੇਗੀ, ਮੈਂ ਸਵੀਕਾਰ ਕਰਾਂਗਾ। ਅਸੀਂ ਚੋਣ ਕਮਿਸ਼ਨ ਤੋਂ ਸਮਾਂ ਨਹੀਂ ਲਿਆ, ਜੇ ਉਹ ਸਾਨੂੰ ਮਿਲਦੇ ਹਨ ਤਾਂ ਠੀਕ ਹੈ, ਨਹੀਂ ਤਾਂ ਅਸੀਂ ਗੇਟ 'ਤੇ ਆ ਕੇ ਤਿੰਨਾਂ ਚੋਣ ਕਮਿਸ਼ਨਰਾਂ ਨੂੰ ਜਵਾਬ ਅਤੇ ਪਾਣੀ ਦੀ ਬੋਤਲ ਦੇਵਾਂਗੇ।

# ਖੁਦਕੁਸ਼ੀ ਤੋਂ ਬਾਅਦ ਪਤਨੀ, ਸੱਸ ਤੇ ਦੋ ਸਾਲੀਆਂ ਖਿਲਾਫ ਪਰਚਾ ਦਰਜ

**ਇੰਦੌਰ** : ਮੱਧ ਪ੍ਰਦੇਸ਼ ਦੇ ਇੰਦੌਰ ਜ਼ਿਲ੍ਹੇ 'ਚ 28 ਸਾਲਾ ਵਿਅਕਤੀ ਦੇ ਖੁਦਕੁਸ਼ੀ ਨੋਟ ਦੇ ਆਧਾਰ 'ਤੇ ਉਸ ਦੀ ਪਤਨੀ, ਸੱਸ ਅਤੇ ਦੋ ਸਾਲੀਆਂ ਖਿਲਾਫ ਖੁਦਕੁਸ਼ੀ ਲਈ ਉਕਸਾਉਣ ਦਾ ਮਾਮਲਾ ਦਰਜ ਕੀਤਾ ਗਿਆ ਹੈ। ਨਿਤਿਨ ਪਡਿਆਰ ਨੇ ਸੁਸਾਈਡ ਨੋਟ ਵਿੱਚ ਜ਼ਿਕਰ ਕੀਤਾ ਹੈ ਕਿ ਉਸ ਦੀ ਮੌਤ ਲਈ ਉਸ ਦੀ ਪਤਨੀ ਅਤੇ ਸਹੁਰੇ ਜ਼ਿੰਮੇਵਾਰ ਹੋਣਗੇ। ਜ਼ਿਲ੍ਹੇ ਦੇ ਬਾਂਗੰਗਾ ਥਾਣੇ 'ਚ ਮਾਮਲਾ ਦਰਜ ਕੀਤਾ ਗਿਆ ਹੈ। ਐਡੀਸ਼ਨਲ ਡਿਪਟੀ ਪੁਲਸ ਕਮਿਸ਼ਨਰ ਰਾਮ ਸਨੇਹੀ ਮਿਸ਼ਰਾ ਨੇ ਦੱਸਿਆ ਕਿ ਨਿਤਿਨ ਪਡਿਆਰ ਨੇ 20 ਜਨਵਰੀ ਨੂੰ ਫਾਹਾ ਲਗਾ ਕੇ ਖੁਦਕੁਸ਼ੀ ਕਰ ਲਈ ਅਤੇ ਇੱਕ ਸੁਸਾਈਡ ਨੋਟ ਵੀ ਛੱਡਿਆ। ਜਾਂਚ ਦੌਰਾਨ ਪਰਵਾਰਕ ਮੈਂਬਰਾਂ ਅਤੇ ਨਜ਼ਦੀਕੀ ਰਿਸ਼ਤੇਦਾਰਾਂ ਦੇ ਬਿਆਨ ਦਰਜ ਕੀਤੇ ਗਏ, ਜਿਸ ਤੋਂ ਬਾਅਦ ਪਤਾ ਲੱਗਾ ਹੈ ਕਿ ਉਕਤ ਵਿਅਕਤੀ ਨੇ ਆਪਣੇ ਸਹੁਰੇ ਪਰਵਾਰ ਤੋਂ ਤੰਗ ਆ ਕੇ ਆਪਣੀ ਜੀਵਨ ਲੀਲਾ ਸਮਾਪਤ ਕਰ ਲਈ। ਉਸ ਦੀ ਪਤਨੀ ਹਰਸ਼ਾ ਸ਼ਰਮਾ, ਸੱਸ ਸੀਤਾ ਸ਼ਰਮਾ, ਮਿਨਾਕਸ਼ੀ ਸ਼ਰਮਾ ਅਤੇ ਵਰਸ਼ਾ ਸ਼ਰਮਾ ਦੇ ਵਿਰੁੱਧ ਮਾਮਲਾ ਦਰਜ ਕੀਤਾ ਗਿਆ ਹੈ। ਉਨ੍ਹਾ ਦੱਸਿਆ ਕਿ ਪਰਵਾਰ ਵਿੱਚ ਪਹਿਲਾਂ ਤੋਂ ਝਗੜਾ ਸੀ ਅਤੇ ਰਾਜਸਥਾਨ ਵਿੱਚ ਵਿਅਕਤੀ ਅਤੇ ਉਸ ਦੇ ਪਰਵਾਰਕ ਮੈਂਬਰਾਂ ਦੇ ਵਿਰੁੱਧ ਘਰੇਲੂ ਹਿੰਸਾ ਅਤੇ ਦਾਜ ਲਈ ਮਾਮਲਾ ਦਰਜ ਕੀਤਾ ਗਿਆ ਸੀ। ਸੁਸਾਈਡ ਨੋਟ ਵਿਚ ਲਿਖਿਆ ਗਿਆ—ਮੈਂ ਕਾਫੀ ਪ੍ਰੇਸ਼ਾਨ ਹਾਂ। ਮੇਰੀ ਮੌਤ ਲਈ ਪਤਨੀ, ਸੱਸ ਅਤੇ ਦੋ ਸਾਲੀਆਂ ਜ਼ਿੰਮੇਵਾਰ ਹੋਣਗੀਆਂ। ਨੋਟ ਵਿੱਚ ਭਾਰਤ ਸਰਕਾਰ ਨੂੰ ਅਪੀਲ ਕੀਤੀ ਗਈ ਹੈ ਕਿ ਇਹ ਕਾਰਵਾਈ ਇੱਕਤਰਫਾ (ਪਤਨੀ ਪੱਖ ਵਿਚ) ਕੀਤੀ ਜਾ ਰਹੀ ਹੈ ਅਤੇ ਉਸ ਦੀ ਚਿੰਤਾ ਦਾ ਧਿਆਨ ਨਹੀਂ ਦਿੱਤਾ ਜਾ ਰਿਹਾ।

CMYK

ਨਵਾਂ ਜ਼ਮਾਨਾ
ਸ਼ਨੀਵਾਰ, 1 ਫ਼ਰਵਰੀ 2025

# ਰਾਹੁਲ ਦਾ ਕਬੂਲਨਾਮਾ

*ਕੀ ਕਾਂਗਰਸ ਤੋਂ ਦਲਿਤਾਂ ਤੇ ਹੋਰਨਾਂ ਪੱਛੜੀਆਂ ਸ਼੍ਰੇਣੀਆਂ (ਓ ਬੀ ਸੀ) ਦੇ ਪਰ੍ਹੇ ਜਾਣ ਕਾਰਨ ਭਾਜਪਾ ਸੱਤਾ ਵਿੱਚ ਆਈ? ਜੇ ਅਜਿਹਾ ਨਾ ਹੁੰਦਾ ਤਾਂ ਕੀ ਕਾਂਗਰਸ ਸੱਤਾ 'ਚ ਬਣੀ ਰਹਿੰਦੀ? ਘੱਟੋ-ਘੱਟ ਰਾਹੁਲ ਗਾਂਧੀ ਨੇ ਤਾਂ ਇਹੀ ਸਵੀਕਾਰ ਕੀਤਾ ਹੈ। ਦਲਿਤ ਪ੍ਰਭਾਵਕਾਂ (ਇਨਫਲੂਐਂਸਰ) ਤੇ ਬੁੱਧੀਜੀਵੀਆਂ ਨੂੰ ਵੀਰਵਾਰ ਸੰਬੋਧਨ ਕਰਦਿਆਂ ਰਾਹੁਲ ਗਾਂਧੀ ਨੇ ਕਾਂਗਰਸ ਦੀ ਇਸ ਗਲਤੀ ਨੂੰ ਮੰਨਿਆ। ਦਰਅਸਲ ਮੰਡਲ ਕਮਿਸ਼ਨ ਦੇ ਦੌਰ ਤੇ ਜਨਤਾ ਪਾਰਟੀ ਦੇ ਉਭਾਰ ਦੇ ਬਾਅਦ ਓ ਬੀ ਸੀ ਭਾਈਚਾਰਿਆਂ ਵਿੱਚ ਹਲਚਲ ਸ਼ੁਰੂ ਹੋਈ ਤੇ ਫਿਰ ਕਾਂਗਰਸ 'ਤੇ ਸਵਾਲ ਉੱਠਣ ਲੱਗੇ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੀ ਕਾਂਗਰਸ 'ਤੇ ਓ ਬੀ ਸੀ ਵਿਰੋਧੀ ਹੋਣ ਦਾ ਦੋਸ਼ ਲਾਉਂਦੇ ਆਏ ਹਨ। ਹਰ ਚੋਣ ਵਿੱਚ ਉਨ੍ਹਾ ਇਸ ਨੂੰ ਮੁੱਦਾ ਬਣਾਉਣ ਦੀ ਕੋਸ਼ਿਸ਼ ਕੀਤੀ। ਮੰਡਲ ਕਮਿਸ਼ਨ ਦੀ ਰਿਪੋਰਟ 'ਚ ਓ ਬੀ ਸੀ ਲਈ ਰਿਜ਼ਰਵੇਸ਼ਨ ਲਾਗੂ ਕਰਨ ਦੀ ਸਿਫਾਰਸ਼ ਕੀਤੀ ਗਈ ਸੀ। ਰਿਪੋਰਟ ਦੀ ਮੁੱਖ ਸਿਫਾਰਸ਼ ਨੂੰ ਲਾਗੂ ਕਰਨ 'ਚ 11 ਸਾਲ ਲੱਗ ਗਏ। ਇਸ ਨੂੰ ਲਾਗੂ ਵੀ ਕੀਤਾ ਗਿਆ ਤਾਂ ਇੱਕ ਗੈਰ-ਕਾਂਗਰਸੀ ਸਰਕਾਰ 'ਚ। ਕੇਂਦਰੀ ਸੇਵਾਵਾਂ ਤੇ ਸਰਵਜਨਕ ਉੱਦਮਾਂ 'ਚ ਨੌਕਰੀਆਂ ਲਈ ਸਮਾਜੀ ਤੇ ਵਿੱਦਿਅਕ ਤੌਰ 'ਤੇ ਪੱਛੜੇ ਵਰਗਾਂ ਨੂੰ 27 ਫੀਸਦੀ ਰਿਜ਼ਰਵੇਸ਼ਨ ਦੇਣ ਦੀ ਵਿਵਸਥਾ ਕੀਤੀ ਗਈ। 1990 ਵਿੱਚ ਵੀ ਪੀ ਸਿੰਘ ਸਰਕਾਰ ਨੇ ਇਸ ਰਿਜ਼ਰਵੇਸ਼ਨ ਨੂੰ ਲਾਗੂ ਕੀਤਾ। ਮੰਡਲ ਕਮਿਸ਼ਨ ਦੀਆਂ ਸਿਫਾਰਸ਼ਾਂ ਲਾਗੂ ਕੀਤੇ ਜਾਣ ਦੇ ਬਾਅਦ ਦੇਸ਼ ਦੀ ਜਾਤੀ ਸਿਆਸਤ ਦੀ ਦਿਸ਼ਾ ਬਦਲ ਗਈ। ਓ ਬੀ ਸੀ ਲਈ 27 ਫੀਸਦੀ ਰਿਜ਼ਰਵੇਸ਼ਨ ਨੇ ਭਾਈਚਾਰੇ ਵਿੱਚ ਬੇਬਾਕੀ ਦੀ ਲਹਿਰ ਪੈਦਾ ਕੀਤੀ ਅਤੇ ਮੁਲਾਇਮ ਸਿੰਘ ਯਾਦਵ, ਲਾਲੂ ਪ੍ਰਸਾਦ ਯਾਦਵ ਤੇ ਨਿਤੀਸ਼ ਕੁਮਾਰ ਵਰਗੇ ਆਗੂ ਉੱਭਰ ਕੇ ਸਿਆਸਤ ਵਿੱਚ ਆਏ, ਜਿਨ੍ਹਾਂ ਆਪਣਾ ਖੁਦ ਦਾ ਓ ਬੀ ਸੀ ਵੋਟ ਆਧਾਰ ਬਣਾਇਆ। ਹਿੰਦੀ ਪੱਟੀ 'ਚ ਇਸ ਦਾ ਕਾਫੀ ਅਸਰ ਹੋਇਆ। ਇਸੇ ਦਰਮਿਆਨ ਭਾਜਪਾ ਓ ਬੀ ਸੀ 'ਚ ਮਜ਼ਬੂਤ ਧਿਰ ਬਣ ਕੇ ਉੱਭਰੀ। ਭਾਜਪਾ 2014 ਤੋਂ ਓ ਬੀ ਸੀ, ਦਲਿਤ ਤੇ ਆਦਿਵਾਸੀ ਵੋਟਰਾਂ 'ਚ ਵੱਡੀ ਪੈਠ ਬਣਾ ਰਹੀ ਹੈ। ਇਸ ਦੇ ਨਾਲ ਹੀ ਮੁਲਾਇਮ ਸਿੰਘ ਯਾਦਵ, ਲਾਲੂ ਪ੍ਰਸਾਦ ਯਾਦਵ ਤੇ ਨਿਤੀਸ਼ ਕੁਮਾਰ ਦੀਆਂ ਪਾਰਟੀਆਂ ਦਾ ਆਧਾਰ ਵੀ ਸੁੰਗੜ ਰਿਹਾ ਹੈ। ਇਨ੍ਹਾਂ ਹਾਲਾਤ ਵਿੱਚ ਕਾਂਗਰਸ ਨੇ ਮੁੜ ਤੋਂ ਦਲਿਤਾਂ ਤੇ ਓ ਬੀ ਸੀ ਨੂੰ ਆਪਣੇ ਪੱਖ 'ਚ ਕਰਨ ਦੀਆਂ ਕੋਸ਼ਿਸ਼ਾਂ ਸ਼ੁਰੂ ਕੀਤੀਆਂ ਹਨ। ਖਾਸਕਰ ਰਾਹੁਲ ਜਾਤੀ ਜਨਗਣਨਾ ਤੇ ਰਿਜ਼ਰਵੇਸ਼ਨ ਦੀ ਹੱਦ 50 ਫੀਸਦੀ ਤੋਂ ਵਧਾਉਣ ਦੀ ਵਕਾਲਤ ਕਰ ਰਹੇ ਹਨ। ਉਹ ਆਬਾਦੀ ਵਿੱਚ 'ਜਿੰਨੀ ਭਾਗੀਦਾਰੀ-ਓਨੀ ਹਿੱਸੇਦਾਰੀ' ਦੀ ਗੱਲ ਕਹਿ ਰਹੇ ਹਨ। ਹਾਲ ਹੀ 'ਚ ਕੁਝ ਦਲਿਤਾਂ ਤੇ ਓ ਬੀ ਸੀ ਵਿੱਚ ਕਾਂਗਰਸ ਪ੍ਰਤੀ ਰੁਖ ਵਿੱਚ ਤਬਦੀਲੀ ਵੀ ਨਜ਼ਰ ਆਈ ਹੈ।*

*ਰਾਹੁਲ ਨੇ ਖੁੱਲ੍ਹੇਆਮ ਸਵੀਕਾਰ ਕੀਤਾ ਹੈ ਕਿ ਕਾਂਗਰਸ ਵੰਚਿਤ ਵਰਗਾਂ ਵੱਲੋਂ ਉਨ੍ਹਾ ਦੀ ਦਾਦੀ ਤੇ ਸਾਬਕਾ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੇ ਸਮੇਂ ਦਿਖਾਏ ਗਏ ਵਿਸ਼ਵਾਸ ਨੂੰ ਕਾਇਮ ਰੱਖਣ ਦੇ ਸਮਰੱਥ ਨਹੀਂ ਰਹੀ। ਰਾਹੁਲ ਨੇ ਕਿਹਾ—ਮੈਂ ਕਹਿ ਸਕਦਾ ਹਾਂ ਕਿ ਕਾਂਗਰਸ ਨੇ ਪਿਛਲੇ 10-15 ਸਾਲਾਂ 'ਚ ਉਹ ਨਹੀਂ ਕੀਤਾ, ਜੋ ਉਸ ਨੂੰ ਕਰਨਾ ਚਾਹੀਦਾ ਸੀ। ਜੇ ਮੈਂ ਇਹ ਨਹੀਂ ਕਹਿੰਦਾ ਤਾਂ ਮੈਂ ਤੁਹਾਡੇ ਨਾਲ ਝੂਠ ਬੋਲ ਰਿਹਾ ਹੁੰਦਾ ਅਤੇ ਮੈਨੂੰ ਝੂਠ ਬੋਲਣਾ ਪਸੰਦ ਨਹੀਂ। ਇਹੀ ਹਕੀਕਤ ਹੈ। ਜੇ ਕਾਂਗਰਸ ਪਾਰਟੀ ਨੇ ਦਲਿਤਾਂ, ਪੱਛੜਿਆਂ ਤੇ ਅਤਿ ਪੱਛੜਿਆਂ ਦਾ ਵਿਸ਼ਵਾਸ ਬਣਾਈ ਰੱਖਿਆ ਹੁੰਦਾ ਤਾਂ ਆਰ ਐੱਸ ਐੱਸ ਕਦੇ ਸੱਤਾ 'ਚ ਨਾ ਆਉਂਦਾ। ਮੈਂ ਇਸ ਹਾਲਤ ਲਈ ਕਿਸੇ ਆਗੂ ਦਾ ਨਾਂਅ ਨਹੀਂ ਲਵਾਂਗਾ, ਪਰ ਇਹ ਅਸਲੀਅਤ ਹੈ ਤੇ ਕਾਂਗਰਸ ਨੂੰ ਅਸਲੀਅਤ ਨੂੰ ਸਵੀਕਾਰ ਕਰਨਾ ਪਏਗਾ। ਮੌਜੂਦਾ ਢਾਂਚੇ ਵਿੱਚ ਦਲਿਤਾਂ ਤੇ ਓ ਬੀ ਸੀ ਲਈ ਕੋਈ ਮੌਕੇ ਨਹੀਂ ਹਨ। ਇਸ 'ਤੇ ਭਾਜਪਾ ਤੇ ਆਰ ਐੱਸ ਐੱਸ ਨੇ ਕਬਜ਼ਾ ਕਰ ਲਿਆ ਹੈ। ਵੰਚਿਤ ਵਰਗਾਂ ਨੂੰ ਸਿਰਫ ਨੁਮਾਇੰਦਗੀ ਦੀ ਹੀ ਨਹੀਂ, ਸਗੋਂ ਸੱਤਾ ਦੀ ਲੋੜ ਹੈ। ਉਨ੍ਹਾਂ ਨੂੰ ਸੰਸਥਾਨਾਂ, ਵਿੱਦਿਅਕ ਅਦਾਰਿਆਂ, ਕਾਰਪੋਰੇਟ ਇੰਡੀਆ ਤੇ ਨਿਆਂ ਪਾਲਿਕਾ 'ਚ ਸੱਤਾ 'ਚ ਹਿੱਸੇਦਾਰੀ ਦੀ ਲੋੜ ਹੈ। ਸੱਤਾ ਵਿੱਚ ਹਿੱਸੇਦਾਰੀ ਤੇ ਨੁਮਾਇੰਦਗੀ ਵਿਚਾਲੇ ਬਹੁਤ ਫਰਕ ਹੈ।*

*ਰਾਹੁਲ ਦਾ ਕਬੂਲਨਾਮਾ ਆਪਣੀ ਥਾਂ ਹੈ, ਪਰ ਕਾਂਗਰਸ ਨੂੰ ਇਹ ਵੀ ਸਮਝਣਾ ਪਵੇਗਾ ਕਿ ਸਿਰਫ ਦਲਿਤਾਂ ਤੇ ਪੱਛੜਿਆਂ ਦੀ ਸਿਆਸਤ ਕਰਕੇ ਹੀ ਉਹ ਆਰ ਐੱਸ ਐੱਸ ਤੇ ਭਾਜਪਾ ਦੇ ਕਬਜ਼ੇ ਵਿੱਚੋਂ ਦੇਸ਼ ਨੂੰ ਮੁਕਤ ਨਹੀਂ ਕਰ ਸਕਦੀ। ਇਸ ਲਈ ਉਸ ਨੂੰ ਕਿਸਾਨਾਂ ਤੇ ਮਜ਼ਦੂਰਾਂ ਵਿੱਚ ਕੰਮ ਕਰਦੀਆਂ ਪਾਰਟੀਆਂ ਨੂੰ ਵੀ ਨਾਲ ਲੈਣਾ ਪਵੇਗਾ। ਇੰਦਰਾ ਗਾਂਧੀ ਖੱਬੀਆਂ ਤੇ ਸੈਕੂਲਰ ਤਾਕਤਾਂ ਨੂੰ ਨਾਲ ਲੈ ਕੇ ਹੀ ਏਨਾ ਚਿਰ ਸਰਕਾਰ ਚਲਾਉਣ 'ਚ ਸਫਲ ਰਹੀ ਸੀ।*

## ਪਾਠਕ-ਸੱਥ

### ਆਵਾਜ਼ ਪ੍ਰਦੂਸ਼ਣ ਰੋਕੋ

ਬੇਸ਼ੱਕ ਸਾਇੰਸ ਦੀਆਂ ਕਾਢਾਂ ਨੇ ਮਨੁੱਖੀ ਜ਼ਿੰਦਗੀ ਨੂੰ ਬਹੁਤ ਜ਼ਿਆਦਾ ਸੁਖਾਲਾ ਕਰ ਦਿੱਤਾ ਹੈ। ਇਹਨਾਂ ਕਾਢਾਂ ਦੀ ਬਦੌਲਤ ਹੀ ਅਜੋਕਾ ਮਨੁੱਖ ਤਰੱਕੀ ਦੀਆਂ ਮੰਜ਼ਲਾਂ ਨੂੰ ਛੂਹ ਰਿਹਾ ਹੈ, ਪ੍ਰੰਤੂ ਦੂਜੇ ਪਾਸੇ ਇਹਨਾਂ ਕਾਢਾਂ ਨੇ ਕਈ ਪੱਖਾਂ ਤੋਂ ਮਨੁੱਖ ਨੂੰ ਨਿਰਾਸ਼ ਵੀ ਕੀਤਾ ਹੈ। ਨਿਰਾਸ਼ਾ ਦਾ ਅਸਲ ਕਾਰਨ ਇਸ ਦੀ ਸਹੀ ਵਰਤੋਂ ਨਾ ਕਰਨਾ ਹੀ ਕਿਹਾ ਜਾ ਸਕਦਾ ਹੈ। ਜੇਕਰ ਗੱਲ ਸਿਰਫ ਆਵਾਜ਼ ਪ੍ਰਦੂਸ਼ਣ ਦੀ ਹੀ ਕੀਤੀ ਜਾਵੇ ਤਾਂ ਆਵਾਜ਼ ਪ੍ਰਦੂਸਣ ਦਿਨੋ-ਦਿਨ ਬਹੁਤ ਜਿਆਦਾ ਵੱਧ ਰਿਹਾ ਹੈ। ਹਰ ਪਾਸੇ ਪ੍ਰੈਸ਼ਰ ਹਾਰਨਾਂ ਦੀਆਂ ਕੰਨ ਪਾੜਵੀਆਂ ਆਵਾਜਾਂ, ਉੱਚੀ ਆਵਾਜ ਵਿੱਚ ਧਾਰਮਿਕ ਥਾਂਵਾਂ ਤੇ ਵੱਜਦੇ ਸਪੀਕਰ, ਵਿਆਹਾਂ ਮੌਕੇ ਹੱਦੋਂ ਵੱਧ ਉੱਚੀ ਆਵਾਜ ਵਿੱਚ ਵੱਜਦੇ ਡੀਜੇ ਆਦਿ ਆਵਾਜ਼ ਪ੍ਰਦੂਸ਼ਣ ਦੇ ਬਹੁਤ ਵੱਡੇ ਕਾਰਨ ਹਨ। ਆਵਾਜ ਪ੍ਰਦੂਸਣ ਕਾਰਨ ਵਿਦਿਆਰਥੀ ਵਰਗ ਦੀ ਪੜਾਈ ਦਾ ਤਾਂ ਨੁਕਸਾਨ ਹੁੰਦਾ ਹੀ ਹੈ, ਉੱਥੇ ਨਾਲ ਹੀ ਬਜ਼ੁਰਗਾਂ ਅਤੇ ਦਿਲ ਦੇ ਮਰੀਜ਼ਾਂ ਲਈ ਤਾਂ ਬਹੁਤ ਹੀ ਜ਼ਿਆਦਾ ਔਖਾ ਹੋ ਜਾਂਦਾ ਹੈ। ਮਨੁੱਖ ਮਾਨਸਿਕ ਤੌਰ 'ਤੇ ਪ੍ਰੇਸਾਨ ਵੀ ਜ਼ਿਆਦਾਤਰ ਆਵਾਜ ਪ੍ਰਦੂਸ਼ਣ ਕਾਰਨ ਹੀ ਰਹਿੰਦਾ ਹੈ। ਦਿਨੋਂ ਦਿਨ ਬੇਲਗਾਮ ਹੋ ਆਵਾਜ ਪ੍ਰਦੂਸ਼ਣ ਨੂੰ ਠੱਲ੍ਹ ਪਾਉਣ ਲਈ ਸਾਨੂੰ ਸਭ ਨੂੰ ਖੁਦ ਆਪਣੇ ਤੋਂ ਪਹਿਲ ਕਰਨੀ ਚਾਹੀਦੀ ਹੈ। ਸਰਕਾਰਾਂ ਨੂੰ ਵੀ ਇਸ ਪਾਸੇ ਸਖਤੀ ਕਰਨੀ ਚਾਹੀਦੀ ਹੈ। ਇਸੇ ਵਿੱਚ ਹੀ ਮਨੁੱਖਤਾ ਦੀ ਭਲਾਈ ਲੁਕੀ ਹੋਈ ਹੈ।

**-ਰਮਨਦੀਪ ਕੌਰ ਹੀਰੇਵਾਲਾ, ਰਿਸਰਚ ਸਕਾਲਰ, ਪੰਜਾਬੀ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ**

# ਯੂਨੀਫਾਈਡ ਪੈਨਸ਼ਨ ਸਕੀਮ ਪੁਰਾਣੀ ਪੈਨਸ਼ਨ ਸਕੀਮ ਤੋਂ ਬੇਹਤਰ ਨਹੀਂ

**ਹਰਭਜਨ ਸਿੰਘ**

ਕੇਂਦਰ ਸਰਕਾਰ ਨੇ ਦੋ ਦਹਾਕੇ ਪਹਿਲਾਂ 1-1-2004 ਤੋਂ ਪੁਰਾਣੀ ਪੈਨਸ਼ਨ ਸਕੀਮ ਦੀ ਥਾਂ ਨਵੀਂ ਪੈਨਸ਼ਨ ਸਕੀਮ ਸ਼ੁਰੂ ਕੀਤੀ ਸੀ। ਉਦੋਂ ਤੋਂ ਲੈ ਕੇ ਕਰਮਚਾਰੀ ਪੁਰਾਣੀ ਪੈਨਸ਼ਨ ਸਕੀਮ ਬਹਾਲ ਕਰਨ ਦੀ ਮੰਗ ਕਰ ਰਹੇ ਹਨ। ਕਰਮਚਾਰੀਆਂ ਦੇ ਦਬਾਅ ਥੱਲੇ ਕੁਝ ਰਾਜਾਂ ਜਿਵੇਂ ਹਿਮਾਚਲ ਪ੍ਰਦੇਸ਼, ਰਾਜਸਥਾਨ, ਛੱਤੀਸਗੜ੍ਹ ਵਿੱਚ ਪੁਰਾਣੀ ਪੈਨਸ਼ਨ ਸਕੀਮ ਬਹਾਲ ਕਰ ਦਿੱਤੀ ਸੀ। ਪੰਜਾਬ ਅੰਦਰ ਸਿਧਾਂਤਕ ਤੌਰ 'ਤੇ ਬਹਾਲ ਕਰਨ ਦਾ ਸਰਕੂਲਰ ਜਾਰੀ ਕੀਤਾ ਹੋਇਆ ਹੈ, ਪਰ ਪੁਰਾਣੀ ਪੈਨਸ਼ਨ ਸਕੀਮ ਅਜੇ ਤੱਕ ਬਹਾਲ ਨਹੀਂ ਹੋਈ। ਪੁਰਾਣੀ ਪੈਨਸ਼ਨ ਬਹਾਲ ਕਰਨ ਦਾ ਮੁੱਦਾ ਲੋਕ ਸਭਾ ਚੋਣਾਂ ਸਮੇਂ ਵੀ ਉਭਰ ਕੇ ਆਇਆ ਸੀ। ਇਸ ਉੱਪਰ ਸੂਬਾਈ ਅਤੇ ਦੇਸ਼ ਪੱਧਰ 'ਤੇ ਵੱਡੇ-ਵੱਡੇ ਪ੍ਰਦਰਸ਼ਨ ਵੀ ਹੋਏ ਹਨ। ਇਸ ਸੰਦਰਭ 'ਚ ਸਰਕਾਰ ਦਬਾਅ ਅਧੀਨ ਸੀ ਅਤੇ ਆਪਣਾ ਹੋਰ ਰਾਜਨੀਤਕ ਨੁਕਸਾਨ ਤੋਂ ਬਚਾਅ ਕਰਦੇ ਹੋਏ ਸਰਕਾਰ ਨੇ ਨਵੀਂ ਪੈਨਸ਼ਨ ਸਕੀਮ ਵਿੱਚ ਕਰਮਚਾਰੀਆਂ ਨੂੰ ਇੱਕ ਵਿਕਲਪ ਵਜੋਂ ਯੂਨੀਫਾਈਡ ਪੈਨਸ਼ਨ ਸਕੀਮ ਨੂੰ 24 ਜਨਵਰੀ 2025 ਨੂੰ ਇੱਕ ਅਧਿਸੂਚਨਾ ਰਾਹੀਂ ਜਾਰੀ ਕੀਤਾ ਹੈ। ਯੂਨੀਫਾਈਡ ਪੈਨਸ਼ਨ ਸਕੀਮ ਉਨ੍ਹਾਂ ਕਰਮਚਾਰੀਆਂ ਉੱਪਰ ਲਾਗੂ ਹੋਵੇਗੀ, ਜੋ ਕਰਮਚਾਰੀ 1-1-2004 ਤੋਂ ਨਵੀਂ ਪੈਨਸ਼ਨ ਸਕੀਮ ਅਧੀਨ ਸੇਵਾ ਕਰ ਰਹੇ ਹਨ। ਜਿਹੜੇ ਕਰਮਚਾਰੀ ਯੂਨੀਫਾਈਡ ਪੈਨਸ਼ਨ ਸਕੀਮ ਦੀ ਚੋਣ ਨਹੀਂ ਕਰਨਗੇ, ਉਨ੍ਹਾਂ ਉੱਪਰ ਨਵੀਂ ਪੈਨਸ਼ਨ ਸਕੀਮ ਪਹਿਲਾਂ ਦੀ ਤਰ੍ਹਾਂ (Default Manner) ਲਾਗੂ ਰਹੇਗੀ। ਸਰਕਾਰ ਨੇ ਪੁਰਾਣੀ ਪੈਨਸ਼ਨ ਸਕੀਮ ਨੂੰ ਬਹਾਲ ਨਹੀਂ ਕੀਤਾ। ਇਸ ਪ੍ਰਕਾਰ ਇਸ ਵੇਲੇ ਤਿੰਨ ਪੈਨਸ਼ਨ ਸਕੀਮਾਂ ਲਾਗੂ ਹਨ। ਪਹਿਲੀ 1-1-2004 ਤੋਂ ਪਹਿਲਾਂ ਭਰਤੀ ਅਤੇ ਸੇਵਾ ਕਰ ਰਹੇ ਕਰਮਚਾਰੀ ਜਿਨ੍ਹਾਂ ਉੱਪਰ ਪੁਰਾਣੀ ਪੈਨਸ਼ਨ ਸਕੀਮ ਲਾਗੂ ਹੈ, ਉਹ ਪੈਨਸ਼ਨ ਲੈਣ ਬਦਲੇ ਆਪਣੀ ਤਨਖਾਹ ਵਿੱਚੋਂ ਕੋਈ ਯੋਗਦਾਨ ਨਹੀਂ ਦਿੰਦੇ (non- contribution scheme) ਕਰਮਚਾਰੀ ਨੂੰ ਸੇਵਾ ਮੁਕਤੀ ਉਪਰੰਤ ਆਖਰੀ ਤਨਖਾਹ, ਸੇਵਾ ਦੀ ਲੰਬਾਈ ਅਤੇ ਇੱਕ ਫਾਰਮੂਲੇ ਅਨੁਸਾਰ ਰੁਜ਼ਗਾਰ ਦਾਤਾ ਭਾਵ ਸਰਕਾਰ ਦੇ ਯੋਗਦਾਨ ਵਿੱਚੋਂ ਮਹੀਨਾਵਾਰ ਪੈਨਸ਼ਨ ਦਿੱਤੀ ਜਾਂਦੀ ਹੈ, ਜਿਵੇਂ ਕਿ ਪੰਜਾਬ ਅੰਦਰ ਆਖਰੀ ਤਨਖਾਹ ਦੇ 50 ਪ੍ਰਤੀਸ਼ਤ ਦੇ ਹਿਸਾਬ ਨਾਲ ਪੈਨਸ਼ਨ ਦਿੱਤੀ ਜਾਂਦੀ ਹੈ। ਰਿਟਾਇਰਮੈਂਟ ਗਰੈਚੁਟੀ ਵੱਧ ਤੋਂ ਵੱਧ 66 ਛਿਮਾਹੀਆਂ ਬਰਾਬਰ ਮੁੱਢਲੀ ਤਨਖਾਹ +ਮਹਿੰਗਾਈ ਭੱਤਾ ਦੇ 25 ਪ੍ਰਤੀਸ਼ਤ ਦੇ ਹਿਸਾਬ ਨਾਲ ਦਿੱਤੀ ਜਾਂਦੀ ਹੈ। ਕਰਮਚਾਰੀ ਦੀ ਮੌਤ ਹੋਣ ਦੀ ਸੂਰਤ 'ਚ 50 ਪ੍ਰਤੀਸ਼ਤ ਦੇ ਹਿਸਾਬ ਨਾਲ ਡੈੱਥ ਗਰੈਚੁਟੀ ਦਿੱਤੀ ਜਾਂਦੀ ਹੈ। ਪੁਰਾਣੀ ਪੈਨਸ਼ਨ ਸਕੀਮ ਅਧੀਨ ਸਮੇਂ-ਸਮੇਂ ਜਾਰੀ ਮਹਿੰਗਾਈ ਭੱਤਾ ਵੀ ਦਿੱਤਾ ਜਾਂਦਾ ਹੈ। ਨਵੀਂ ਪੈਨਸ਼ਨ ਸਕੀਮ ਯੋਗਦਾਨ ਅਧਾਰਤ (contribution scheme) ਸਕੀਮ ਹੈ। ਕਰਮਚਾਰੀ ਨੂੰ ਸੇਵਾ ਮੁਕਤੀ ਉਪਰੰਤ ਪੈਨਸ਼ਨ ਲੈਣ ਲਈ ਆਪਣੀ ਤਨਖਾਹ ਵਿੱਚੋਂ ਪੈਨਸ਼ਨ ਫੰਡ ਵਿੱਚ ਯੋਗਦਾਨ ਪਾਉਣਾ ਹੁੰਦਾ ਹੈ। ਇਸ ਯੋਗਦਾਨ ਰਕਮ ਦਾ ਮੰਡੀ ਵਿੱਚ ਨਿਵੇਸ਼ ਕੀਤਾ ਜਾਂਦਾ ਹੈ। ਕਰਮਚਾਰੀ ਨੂੰ ਮਹੀਨਾਵਾਰ ਪੈਨਸ਼ਨ ਮੰਡੀ ਤੋਂ ਪ੍ਰਾਪਤ ਲਾਭ ਦੇ ਹਿਸਾਬ (Pension depends on the Market) ਨਾਲ ਦੇਣ ਦੀ ਵਿਵਸਥਾ ਹੈ। ਇਹ ਪੈਨਸ਼ਨ ਨਿਸਚਿਤ ਦਰ ਨਾਲ ਨਹੀਂ ਦਿੱਤੀ ਜਾਂਦੀ। ਇਸ ਉਪਰ ਮਹਿੰਗਾਈ ਭੱਤਾ ਦੇਣ ਦੀ ਵਿਵਸਥਾ ਵੀ ਨਹੀਂ।

ਯੂਨੀਫਾਈਡ ਪੈਨਸ਼ਨ ਸਕੀਮ, ਜਿਸ ਦੀ ਸਰਕਾਰ ਨੇ 24 ਜਨਵਰੀ ਨੂੰ ਅਧਿਸੂਚਨਾ ਜਾਰੀ ਕੀਤੀ ਹੈ। ਇਹ ਸਕੀਮ 1-4-2025 ਤੋਂ ਲਾਗੂ ਹੋਣੀ ਹੈ। ਇਹ ਸਕੀਮ ਕੇਂਦਰ ਸਰਕਾਰ ਦੇ ਕਰਮਚਾਰੀਆਂ ਲਈ ਨਵੀਂ ਪੈਨਸ਼ਨ ਸਕੀਮ ਅਧੀਨ ਇੱਕ ਚੋਣ ਭਾਵ ਵਿਕਲਪ ਵਜੋਂ (As an Option) ਲਾਗੂ ਕੀਤੀ ਜਾਣੀ ਹੈ। ਸਰਕਾਰ ਪੁਰਾਣੀ ਪੈਨਸ਼ਨ ਬਹਾਲ ਕਰਨ ਵਾਸਤੇ ਤਿਆਰ ਨਹੀਂ ਹੋਈ। ਕਰਮਚਾਰੀ ਨੂੰ ਯੂਨੀਫਾਈਡ ਪੈਨਸ਼ਨ ਸਕੀਮ ਅਧੀਨ ਵੀ ਪੈਨਸ਼ਨ ਲੈਣ ਵਾਸਤੇ ਆਪਣੀ ਤਨਖਾਹ ਵਿੱਚੋਂ 10 ਪ੍ਰਤੀਸ਼ਤ ਦਾ ਯੋਗਦਾਨ ਪਾਉਣਾ ਹੀ ਪਵੇਗਾ। ਇਸ ਸਕੀਮ ਅਧੀਨ ਸੇਵਾ ਮੁਕਤੀ ਸਮੇਂ ਘੱਟੋ-ਘੱਟ 25 ਸਾਲ ਦੀ ਸੇਵਾ ਹੋਣ 'ਤੇ ਪਿਛਲੇ 12 ਮਹੀਨਿਆਂ ਦੀ ਔਸਤ ਮੂਲ ਤਨਖਾਹ ਦੇ 50 ਪ੍ਰਤੀਸ਼ਤ ਬਰਾਬਰ ਨਿਸਚਿਤ ਪੈਨਸ਼ਨ ਦਿੱਤੀ ਜਾਵੇਗੀ। ਜੇ ਕਿਸੇ ਕਰਮਚਾਰੀ ਦੀ 25 ਸਾਲ ਤੋਂ ਸੇਵਾ ਘੱਟ ਹੈ ਤਾਂ ਅਨੁਪਾਤਕ ਤੌਰ 'ਤੇ ਪੈਨਸ਼ਨ ਘੱਟ ਦਿੱਤੀ ਜਾਵੇਗੀ। 10 ਸਾਲ ਦੀ ਸਰਵਿਸ ਵਾਲਾ ਕਰਮਚਾਰੀ ਹੀ ਪੈਨਸ਼ਨ ਦਾ ਹੱਕਦਾਰ ਹੋਵੇਗਾ। 10 ਸਾਲ ਦੀ ਸੇਵਾ ਵਾਲੇ ਕਰਮਚਾਰੀ ਨੂੰ ਘੱਟੋ-ਘੱਟ 10,000 ਰੁਪਏ ਮਹੀਨਾ ਨਿਸਚਿਤ ਪੈਨਸ਼ਨ ਮਿਲੇਗੀ। ਸੇਵਾ ਮੁਕਤੀ ਤੋਂ ਬਾਅਦ ਜੇ ਪੈਨਸ਼ਨਰ ਦੀ ਮੌਤ ਹੋ ਜਾਂਦੀ ਹੈ ਤਾਂ ਕਾਨੂੰਨੀ ਤੌਰ 'ਤੇ ਵਿਆਹੇ ਹੋਏ ਪਤੀ ਜਾਂ ਪਤਨੀ ਨੂੰ 60 ਪ੍ਰਤੀਸ਼ਤ ਦੇ ਹਿਸਾਬ ਨਾਲ ਪਰਿਵਾਰਕ ਪੈਨਸ਼ਨ ਮਿਲੇਗੀ। ਕੋਈ ਵੀ ਕਰਮਚਾਰੀ, ਜਿਸ ਨੇ 25 ਸਾਲ ਦੀ ਸੇਵਾ ਪੂਰੀ ਕਰ ਲਈ ਹੈ, ਉਹ ਸਵੈ-ਇੱਛਤ ਰਿਟਾਇਰਮੈਂਟ ਲੈ ਸਕਦਾ ਹੈ, ਪਰ ਪੈਨਸ਼ਨ ਸਮੇਤ ਪੈਨਸ਼ਨਰੀ ਲਾਭ ਕਰਮਚਾਰੀ ਦੀ ਅਸਲ ਸੇਵਾ ਮੁਕਤੀ ਦੀ ਮਿਤੀ ਤੋਂ ਦਿੱਤੇ ਜਾਣਗੇ। ਪੈਨਸ਼ਨ ਅਤੇ ਪਰਿਵਾਰਕ ਪੈਨਸ਼ਨ ਉੱਪਰ ਮਹਿੰਗਾਈ ਭੱਤਾ ਉਸੇ ਤਰ੍ਹਾਂ ਮਿਲੇਗਾ, ਜਿਵੇਂ ਸੇਵਾ ਕਰ ਰਹੇ ਕਰਮਚਾਰੀਆਂ ਨੂੰ ਮਿਲਦਾ ਹੈ। ਸੇਵਾ ਮੁਕਤੀ ਹੋਣ 'ਤੇ ਕਰਮਚਾਰੀਆਂ ਨੂੰ ਉਨ੍ਹਾਂ ਦੀ ਹਰ ਛੇ ਮਹੀਨਿਆਂ ਦੀ ਸੇਵਾ ਲਈ ਉਨ੍ਹਾਂ ਦੀ ਮੁੱਢਲੀ ਤਨਖਾਹ ਅਤੇ ਮਹਿੰਗਾਈ ਭੱਤੇ ਦੇ 10 ਪ੍ਰਤੀਸ਼ਤ ਬਰਾਬਰ ਇਕਮੁਸ਼ਤ ਰਕਮ ਦਿੱਤੀ ਜਾਵੇਗੀ। ਇਸ ਸਕੀਮ ਦੇ ਸੰਚਾਲਨ ਲਈ ਦੋ ਤਰ੍ਹਾਂ ਦੇ ਕਾਰਪਸ ਫੰਡ ਰੱਖੇ ਜਾਣਗੇ, ਪਹਿਲਾ ਫੰਡ 'ਵਿਅਕਤੀਗਤ ਕਾਰਪਸ' ਦੇ ਨਾਂਅ ਥੱਲੇ ਹੋਵੇਗਾ, ਜਿਸ ਵਿੱਚ ਕਰਮਚਾਰੀ ਆਪਣੀ ਮੂਲ ਤਨਖਾਹ+ਮਹਿੰਗਾਈ ਭੱਤੇ ਦੇ 10 ਪ੍ਰਤੀਸ਼ਤ ਬਰਾਬਰ ਅਤੇ ਇਸ ਰਕਮ ਬਰਾਬਰ ਸਰਕਾਰ ਦਾ ਯੋਗਦਾਨ ਜਮ੍ਹਾਂ ਹੋਵੇਗਾ। ਦੂਜਾ ਫੰਡ 'ਪੂਲ ਕਾਰਪਸ' ਹੋਵੇਗਾ, ਜਿਸ ਵਿੱਚ ਸਰਕਾਰ ਕਰਮਚਾਰੀ ਦੀ ਮੂਲ ਤਨਖਾਹ+ਮਹਿੰਗਾਈ ਭੱਤੇ ਦੇ 8.5 ਪ੍ਰਤੀਸ਼ਤ ਬਰਾਬਰ ਇਸ ਫੰਡ ਵਿੱਚ ਯੋਗਦਾਨ ਪਾਵੇਗੀ। ਇਸ ਫੰਡ ਦਾ ਸੰਚਾਲਨ ਅਤੇ ਪ੍ਰਬੰਧਨ ਸਰਕਾਰ ਦੁਆਰਾ ਕੀਤਾ ਜਾਵੇਗਾ। ਇਸ ਫੰਡ ਦਾ ਉਦੇਸ਼ ਯੂਨੀਫਾਈਡ ਪੈਨਸ਼ਨ ਸਕੀਮ ਅਧੀਨ ਲਾਭਾਂ ਨੂੰ ਯਕੀਨੀ ਬਣਾਉਣਾ ਹੈ। ਨਵੀਂ ਪੈਨਸ਼ਨ ਸਕੀਮ ਜਾਰੀ ਰਹੇਗੀ ਅਤੇ ਇਸ ਅਧੀਨ ਜਮ੍ਹਾਂ ਯੋਗਦਾਨ ਨੂੰ ਮੰਡੀ ਵਿੱਚ ਨਿਵੇਸ਼ ਦੀ ਵਿਧੀ ਵੀ ਜਾਰੀ ਰਹੇਗੀ। ਨਵੀਂ ਪੈਨਸ਼ਨ ਸਕੀਮ ਵਿੱਚੋਂ ਆਪਸ਼ਨ ਦੇ ਅਧਾਰ 'ਤੇ ਜਾਰੀ ਯੂਨੀਫਾਈਡ ਪੈਨਸ਼ਨ ਸਕੀਮ ਵੀ ਪੁਰਾਣੀ ਪੈਨਸ਼ਨ ਸਕੀਮ ਨਾਲੋਂ ਬੇਹਤਰ ਨਹੀਂ ਹੈ। ਪੁਰਾਣੀ ਪੈਨਸ਼ਨ ਸਕੀਮ ਹੀ ਦੋਵੇਂ ਸਕੀਮਾਂ ਤੋਂ ਬੇਹਤਰ ਹੈ।

ਪੁਰਾਣੀ ਪੈਨਸ਼ਨ 'ਚ ਕਰਮਚਾਰੀ ਨੂੰ ਕੋਈ ਯੋਗਦਾਨ ਨਹੀਂ ਪਾਉਣਾ ਪੈਂਦਾ, ਜਦੋਂ ਕਿ ਨਵੀਂ ਪੈਨਸ਼ਨ ਸਕੀਮ ਅਤੇ ਯੂਨੀਫਾਈਡ ਪੈਨਸ਼ਨ ਸਕੀਮ ਵਿੱਚ ਪੈਨਸ਼ਨ ਲੈਣ ਵਾਸਤੇ ਕਰਮਚਾਰੀ ਨੂੰ ਯੋਗਦਾਨ ਪਾਉਣਾ ਪੈਂਦਾ ਹੈ। ਵਿੱਤੀ ਤੌਰ 'ਤੇ ਵੀ ਪੁਰਾਣੀ ਪੈਨਸ਼ਨ ਹੋਰ ਪੱਖਾਂ ਤੋਂ ਵੀ ਇਨ੍ਹਾਂ ਦੋਵਾਂ ਸਕੀਮਾਂ ਦੇ ਮੁਕਾਬਲੇ ਲਾਭਦਾਇਕ ਹੈ। ਪੁਰਾਣੀ ਪੈਨਸ਼ਨ ਸਕੀਮ ਤਹਿਤ ਹਰ ਦੋ ਸਾਲ ਬਾਅਦ ਮੂਲ ਪੈਨਸ਼ਨ ਬਰਾਬਰ ਸਫਰੀ ਭੱਤਾ ਮਿਲਦਾ ਹੈ, ਪਰ ਇਨ੍ਹਾਂ ਦੋਵੇਂ ਸਕੀਮਾਂ ਵਿੱਚ ਇਹ ਲਾਭ ਨਹੀਂ ਦਿੱਤਾ ਜਾਣਾ। ਪੁਰਾਣੀ ਪੈਨਸ਼ਨ ਸਕੀਮ ਵਿੱਚ ਪੈਨਸ਼ਨ ਦਾ ਕਮਿਊਟੇਸ਼ਨ ਦਾ ਹੱਕ ਹੈ ਅਤੇ ਇਨ੍ਹਾਂ ਦੋਵੇਂ ਸਕੀਮਾਂ ਵਿੱਚ ਇਹ ਵਿਵਸਥਾ ਨਹੀਂ। ਕਰਮਚਾਰੀਆਂ ਦੇ ਦਬਾਅ ਥੱਲੇ ਭਾਵੇਂ ਸਰਕਾਰ ਨੇ ਨਵੀਂ ਪੈਨਸ਼ਨ ਸਕੀਮ ਤੋਂ ਕੁਝ ਚੰਗੀ ਯੂਨੀਫਾਈਡ ਪੈਨਸ਼ਨ ਸਕੀਮ ਆਪਸ਼ਨ ਵਜੋਂ ਜ਼ਰੂਰ ਦੇਣ ਦਾ ਫੈਸਲਾ ਕੀਤਾ ਹੈ, ਪਰ ਇਹ ਸਕੀਮ ਵੀ ਨਵੀਂ ਪੈਨਸ਼ਨ ਸਕੀਮ ਦਾ ਹਿੱਸਾ ਹੀ ਹੈ। ਇਸ ਸਕੀਮ ਤਹਿਤ ਵੀ ਨਵੀਂ ਪੈਨਸ਼ਨ ਸਕੀਮ ਵਾਂਗ ਪੈਨਸ਼ਨ ਫੰਡ ਨਾਲ 'ਮੰਡੀ ਜੂਏ ਦੀ ਖੇਡ' ਜਾਰੀ ਰਹੇਗੀ। ਇਸ ਸਕੀਮ ਨੂੰ ਜਲਦੀ ਲਾਗੂ ਕਰਨ ਵਾਸਤੇ ਰਾਜਾਂ ਨੂੰ ਕਿਹਾ ਗਿਆ ਹੈ। ਜਿਹੜੇ ਰਾਜ ਪੁਰਾਣੀ ਪੈਨਸ਼ਨ ਸਕੀਮ ਲਾਗੂ ਕਰਨਾ ਚਾਹੁਣਗੇ, ਉਨ੍ਹਾਂ ਉਪਰ ਵੀ ਇਸ ਸਕੀਮ ਨੂੰ ਹੀ ਲਾਗੂ ਕਰਨ ਵਾਸਤੇ ਦਬਾਅ ਪਾਇਆ ਜਾ ਰਿਹਾ ਹੈ। ਇਹ ਰਾਜਾਂ ਦੇ ਅਧਿਕਾਰਾਂ 'ਤੇ ਛਾਪਾ ਹੈ। ਦੇਸ਼ ਪੱਧਰ ਦੇ ਕਰਮਚਾਰੀਆਂ ਨੇ ਨਵੀਂ ਪੈਨਸ਼ਨ ਸਕੀਮ ਦੀ ਤਰ੍ਹਾਂ ਇਸ ਯੂਨੀਫਾਈਡ ਪੈਨਸ਼ਨ ਸਕੀਮ ਨੂੰ ਰੱਦ ਕਰਦੇ ਹੋਏ ਪੁਰਾਣੀ ਪੈਨਸ਼ਨ ਸਕੀਮ ਬਹਾਲ ਕਰਨ ਦੀ ਮੰਗ ਕੀਤੀ ਹੈ।

**# ਸੰਪਰਕ : 96460-01023**

# ਵਿਸਰੀਆਂ ਪੁਰਾਤਨ ਕਦਰਾਂ-ਕੀਮਤਾਂ

**ਇੰਜ. ਜਗਜੀਤ ਸਿੰਘ ਕੰਡਾ ਕੋਟਕਪੂਰਾ**

ਇਨਫਰਮੇਸਨ ਟੈਕਨਾਲੋਜੀ ਤੇ ਅੱਜ ਦੇ ਡਿਜੀਟਲ ਜ਼ਮਾਨੇ ਵਿੱਚ ਅਸੀਂ ਆਪਣੀਆਂ ਪੁਰਾਤਨ ਕਦਰਾਂ-ਕੀਮਤਾਂ ਨੂੰ ਮਨੋਂ ਲਗਭਗ ਵਿਸਾਰ ਹੀ ਚੁੱਕੇ ਹਾਂ। ਨਵੀਂ ਪੀੜ੍ਹੀ ਤਾਂ ਉਨ੍ਹਾਂ ਰੀਤੀ- ਰਿਵਾਜਾਂ ਦੇ ਨਾਂਅ ਹੀ ਨਹੀਂ ਜਾਣਦੀ। ਭਾਵੇਂ ਬਦਲਾਅ ਮਨੁੱਖ ਦਾ ਸੁਭਾਅ ਤੇ ਕੁਦਰਤ ਦਾ ਨਿਯਮ ਹੈ, ਪ੍ਰੰਤੂ ਜਿਉਂ-ਜਿਉਂ ਅਸੀਂ ਆਪਣੀਆਂ ਪੁਰਾਤਨ ਕਦਰਾਂ ਕੀਮਤਾਂ ਤੋਂ ਦੂਰ ਹੁੰਦੇ ਜਾ ਰਹੇ ਹਾਂ, ਤਿਉਂ-ਤਿਉਂ ਅਸੀਂ ਆਪਣਿਆਂ ਤੋਂ ਵੀ ਦੂਰ ਹੋ ਰਹੇ ਹਾਂ। ਪਹਿਲਾਂ ਜਦ ਕਿਸੇ ਦੇ ਘਰ ਨਿੱਕਾ ਨਿਆਣਾ ਜੰਮਦਾ ਸੀ ਤਾਂ ਕਿਸੇ ਚੰਗੇ ਤੇ ਠੰਢੇ ਸੁਭਾਅ ਵਾਲੇ ਇਨਸਾਨ ਤੋਂ ਗੁੜ੍ਹਤੀ ਦਿਵਾਈ ਜਾਂਦੀ ਸੀ ਕਿ ਇਹ ਵੀ ਵੱਡਾ ਹੋ ਕੇ ਚੰਗੇ ਗੁਣਾਂ ਵਾਲਾ ਇਨਸਾਨ ਬਣੇ। ਤੇਰਾਂ ਦਿਨਾਂ ਬਾਅਦ ਜਣੇਪੇ ਵਾਲੀ ਔਰਤ ਨੂੰ ਬਾਹਰ ਵਧਾਇਆ ਜਾਂਦਾ ਸੀ ਤੇ ਉਸ ਦਿਨ ਸਾਰੇ ਸਰੀਕੇ ਦੀ ਰੋਟੀ ਹੁੰਦੀ ਸੀ। ਆਂਢ-ਗਵਾਂਢ ਕੜਾਹ ਪ੍ਰਸ਼ਾਦ ਵੰਡਿਆ ਜਾਂਦਾ ਸੀ। ਪੰਜ ਸਾਲ ਤੱਕ ਤਾਂ ਜਵਾਕ ਆਪਣੀ ਮਾਂ ਦਾ ਦੁੱਧ ਹੀ ਚੁੰਘਦਾ ਰਹਿੰਦਾ ਸੀ ਤੇ ਘਰੇ ਹੀ ਦੜੰਗੇ ਮਾਰਦਾ ਸੀ। ਉਸ ਤੋਂ ਬਾਅਦ ਉਸ ਨੂੰ ਸਕੂਲ ਲਾਉਣ ਬਾਰੇ ਸੋਚਿਆ ਜਾਂਦਾ ਸੀ। ਅੱਜਕੱਲ੍ਹ ਦੀਆਂ ਔਰਤਾਂ ਆਧੁਨਿਕ ਜ਼ਮਾਨੇ ਦੀ ਹਨੇਰੀ ਵਿੱਚ ਬੱਚੇ ਨੂੰ ਮਸਾਂ ਹੀ ਛੇ ਮਹੀਨੇ ਦੁੱਧ ਚੁੰਘਾਉਂਦੀਆਂ ਹਨ। ਬਹੁਤੀਆਂ ਦੇ ਤਾਂ ਦੁੱਧ ਆਉਂਦਾ ਹੀ ਨਹੀਂ। ਵਿਚਾਰੇ ਜਵਾਕਾਂ ਨੂੰ ਕੈਮੀਕਲ ਵਾਲਾ ਦੁੱਧ ਸ਼ੀਸ਼ੀ ਰਾਹੀਂ ਪਿਆਉਣ ਕਾਰਨ ਉਹਨਾਂ ਦੀ ਸਿਹਤ ਪੱਖੋਂ ਨੀਂਹ ਪਹਿਲਾਂ ਹੀ ਕਮਜ਼ੋਰ ਰਹਿ ਜਾਂਦੀ ਹੈ ਤੇ ਜਿਸ ਕਾਰਨ ਉਸ ਨੂੰ ਹਮੇਸ਼ਾ ਬਿਮਾਰੀਆਂ ਹੀ ਘੇਰੀ ਰੱਖਦੀਆਂ ਹਨ।

ਪੁਰਾਤਨ ਵਿਰਸੇ ਦੇ ਦੌਰ ਸਮੇਂ ਮੁੰਡੇ ਜਾਂ ਕੁੜੀ ਦੇ ਵਿਆਹ ਸਮੇਂ ਨਾਨਕਿਆਂ ਦਾ ਟੱਬਰ ਤਕਰੀਬਨ ਮਹੀਨਾ ਪਹਿਲਾਂ ਹੀ ਆ ਜਾਂਦਾ ਸੀ ਤੇ ਕੰਮਾਂ-ਕਾਰਾਂ ਵਿੱਚ ਹੱਥ ਵਟਾਉਂਦਾ ਸੀ। ਉਦੋਂ ਅੱਜ ਦੀ ਤਰ੍ਹਾਂ ਭਾਜੀ ਮੁੱਲ ਨਹੀਂ ਖਰੀਦੀ ਜਾਂਦੀ ਸੀ। ਘਰੇ ਹੀ ਵਿਆਹ ਤੋਂ ਕਈ-ਕਈ ਦਿਨ ਪਹਿਲਾਂ ਕੜਾਹੀ ਚੜ੍ਹਾ ਕੇ ਪਕਾਈ ਜਾਂਦੀ ਸੀ। ਇਕੱਠੇ ਬਹਿ ਕੇ ਲੱਡੂ ਵੱਟਦੇ, ਸੁੱਖ-ਸਾਂਦ ਪੁੱਛਦੇ, ਕਿਸੇ ਦੀ ਬਿਮਾਰੀ ਦਾ ਦੇਸੀ ਇਲਾਜ ਦੱਸੀ ਜਾਂਦੇ, ਕਈ ਆਪਸੀ ਜਵਾਕਾਂ ਦੇ ਰਿਸ਼ਤੇ ਵੀ ਤਹਿ ਕਰ ਲੈਂਦੇ ਸਨ। ਬਰਾਤ ਚਾਰ-ਚਾਰ ਦਿਨ ਰਹਿੰਦੀ ਸੀ। ਸਾਰੇ ਬਰਾਤੀ, ਘਰ ਵਾਲੇ ਤੇ ਪਿੰਡ ਵਾਲੇ ਆਪਸ ਵਿੱਚ ਰਿਸ਼ਤੇਦਾਰੀਆਂ ਕੱਢ ਕੇ ਗੂੜ੍ਹੀਆਂ ਸਾਂਝਾਂ ਪਾ ਲੈਂਦੇ ਤੇ ਤਾਕੀਦ ਕਰਦੇ ਕਿ ਭਾਈ ਜਦੋਂ ਕਦੇ ਉਧਰ ਨੂੰ ਆਏ ਤਾਂ ਸਾਡੇ ਘਰ ਜ਼ਰੂਰ ਰਾਤ ਰਹਿ ਕੇ ਜਾਇਓ। ਆਵਾਜਾਈ ਦੇ ਸਾਧਨ ਬਹੁਤ ਘੱਟ ਹੋਣ ਦੇ ਬਾਵਜੂਦ ਲੋਕਾਂ ਦਾ ਦੂਰ ਤੱਕ ਦੀਆਂ ਰਿਸ਼ਤੇਦਾਰੀਆਂ ਵਿੱਚ ਵਰਤ-ਵਰਤਾਵਾ ਬਹੁਤ ਹੀ ਨੇੜੇ ਦਾ ਹੁੰਦਾ ਸੀ। ਅੱਜ ਦੇ ਮੋਬਾਇਲ ਯੁੱਗ ਵਿੱਚ ਤਾਂ ਬਹੁਤ ਹੀ ਨੇੜੇ ਦੇ ਰਿਸ਼ਤੇਦਾਰ ਭਾਵੇਂ ਇੱਕ ਹੀ ਸ਼ਹਿਰ ਵਿੱਚ ਰਹਿੰਦੇ ਹੋਣ, ਇੱਕ ਦੂਜੇ ਦੇ ਘਰ ਰਾਤ ਰਹਿਣ ਦੀ ਗੱਲ ਦੂਰ ਰਹੀ, ਕਿਸੇ ਨੂੰ ਬਿਨਾਂ ਕੰਮ ਤੋਂ ਫੋਨ ਵੀ ਨਹੀਂ ਕਰਦੇ।

ਉਦੋਂ ਜੇਕਰ ਕੋਈ ਕਿਸੇ ਦੀ ਬਰਾਤ ਜਾਂਦਾ। ਉਸ ਪਿੰਡ ਜੇਕਰ ਪਿੰਡ ਦੀ ਕੋਈ ਕੁੜੀ ਵਿਆਹੀ ਹੁੰਦੀ ਤਾਂ ਜੰਞ ਗਏ ਉਸ ਨੂੰ ਪੱਤਲ ਦੇਣ ਜਾਂਦੇ ਸੀ। ਪੱਤਲ ਦੇ ਨਾਲ ਸ਼ਗਨ ਵੀ ਦਿੱਤਾ ਜਾਂਦਾ ਸੀ ਤੇ ਉਹ ਕੁੜੀ ਫੁੱਲੀ ਨਾ ਸਮਾਉਂਦੀ ਕਿ ਮੇਰੇ ਪੇਕਿਆਂ ਦੇ ਪਿੰਡੋਂ ਪੱਤਲ ਦੇਣ ਆਏ ਹਨ। ਅੱਜ ਵਾਲੇ ਤਾਂ ਬਰਾਤ ਗਏ ਸਕੀਆਂ ਭੈਣਾਂ ਨੂੰ ਨਹੀਂ ਪੁੱਛਦੇ, ਸ਼ਰੀਕ ਸਮਝਦੇ ਹਨ। ਅੱਜਕੱਲ੍ਹ ਦੇ ਮਹਿੰਗੇ ਮੈਰਿਜ ਪੈਲਿਸਾਂ ਵਾਲੇ ਵਿਆਹ ਵੀ ਬੱਸ ਚਾਰ ਕੁ ਘੰਟਿਆਂ ਦੇ ਹੀ ਰਹਿ ਗਏ ਹਨ। ਕਈ ਰਿਸ਼ਤੇਦਾਰ ਤਾਂ ਐਨ ਮੌਕੇ 'ਤੇ ਹੀ ਆਉਂਦੇ ਹਨ, ਸ਼ਗਨ ਦਿੱਤਾ ਤੇ ਰੋਟੀ ਖਾਧੀ, ਬਸ ਘਰ ਨੂੰ ਚਾਲੇ ਪਾ ਦਿੱਤੇ। ਹੁਣ ਕਾਹਦੇ ਵਿਆਹ ਤੇ ਕਿਹੜੇ ਮੰਗਣੇ ਰਹਿ ਗਏ।

ਮੌਜੂਦਾ ਦੌਰ ਵਿੱਚ ਬਹੁਤੇ ਲੋਕਾਂ ਕੋਲ ਕਿਸੇ ਦੇ ਦਾਹ ਸੰਸਕਾਰ 'ਤੇ ਜਾਣ ਦਾ ਸਮਾਂ ਨਹੀਂ ਰਹਿ ਗਿਆ। ਉੱਥੇ ਮੌਜੂਦ ਕਿਸੇ ਨੇੜਲੇ ਸੱਜਣ ਮਿੱਤਰ ਨੂੰ ਫੋਨ 'ਤੇ ਪੁੱਛਦੇ ਰਹਿੰਦੇ ਹਨ ਕਿ ਘਰੋਂ ਚੱਲ ਪਏ ਜਾਂ ਚੱਲਣ ਲੱਗੇ, ਮੈਨੂੰ ਮਿਸ ਕਾਲ ਮਾਰ ਦਈ, ਮੈਂ ਸਿੱਧਾ ਸ਼ਮਸ਼ਾਨ ਘਾਟ ਵਿੱਚ ਆ ਜਾਊ। ਉੱਥੇ ਪਹੁੰਚ ਕੇ ਵੀ ਮੋਬਾਈਲ ਹੱਥ ਵਿੱਚ ਰੱਖਦਾ ਹੈ ਕਿ ਕਿਸੇ ਦਾ ਫੋਨ ਸੁਣਨੋ ਨਾ ਰਹਿ ਜਾਵਾਂ। ਮ੍ਰਿਤਕ ਦੇ ਪਾਰਥੀ ਸਰੀਰ ਨੂੰ ਅਜੇ ਚਿਖਾ 'ਤੇ ਰੱਖਿਆ ਹੀ ਹੁੰਦਾ ਹੈ, ਤੁਰੰਤ ਉੱਥੋਂ ਵੀ ਛੇਤੀ-ਛੇਤੀ ਭੱਜ ਪੈਂਦਾ ਹੈ। ਕਿਤੇ ਪੈਸੇ ਕਮਾਉਣੋ ਰਹਿ ਨਾ ਜਾਵਾਂ, ਕੋਈ ਗਾਹਕ ਮੁੜ ਨਾ ਜਾਵੇ। ਮ੍ਰਿਤਕ ਦੇ ਪਰਵਾਰ ਵਾਲੇ ਵੀ ਉਸ ਦੀਆਂ ਅੰਤਮ ਰਸਮਾਂ ਪਹਿਲਾਂ ਦੀ ਤਰ੍ਹਾਂ ਅੱਠ ਜਾਂ ਦਸ ਦਿਨਾਂ ਵਿੱਚ ਨਿਬੇੜਨ ਦੀ ਥਾਂ ਹੁਣ ਤੀਜੇ ਦਿਨ ਫੁੱਲ ਚੁਗਣ ਤੋਂ ਬਾਅਦ ਹੀ ਭੋਗ ਪਾ ਕੇ ਸੁਰਖਰੂ ਹੋ ਜਾਂਦੇ ਹਨ ਤੇ ਹਵਾਲਾ ਇਹ ਦਿੰਦੇ ਹਨ ਕਿ ਭਾਈ ਇਹ ਤਾਂ ਘਰ ਦਾ ਕੱਲਾ-ਕੱਲਾ ਕਮਾਊ ਹੈ। ਜੇ ਇਹ ਏਨੇ ਦਿਨ ਸੱਥਰ 'ਤੇ ਬੈਠਾ ਰਿਹਾ ਤਾਂ ਰੋਟੀ ਕਿੱਥੋਂ ਖਾਵਾਂਗੇ। ਇਸ ਦਾ ਅਸਲ ਕਾਰਨ ਸੰਯੁਕਤ ਪਰਵਾਰਾਂ ਦਾ ਤਿੜਕਣਾ ਹੈ। ਪਹਿਲਾਂ ਵਾਲੇ ਸਮਿਆਂ ਵਿੱਚ ਜਿਨ੍ਹਾਂ ਦੇ ਘਰ ਮਾਲਕ ਦੇ ਵਾਪਰੇ ਭਾਣੇ ਕਾਰਨ ਸੋਗ ਪੈ ਜਾਂਦਾ ਸੀ, ਉਹਨਾਂ ਦੇ ਆਂਢੀ-ਗੁਆਂਢੀ ਭੋਗ ਤੱਕ ਨਾ ਤਾਂ ਉਹਨਾਂ ਨੂੰ ਚੁੱਲ੍ਹੇ ਵਿੱਚ ਅੱਗ ਪਾਉਣ ਦਿੰਦੇ ਸੀ ਤੇ ਨਾ ਹੀ ਦਿਨ-ਰਾਤ ਉਹਨਾਂ ਦੇ ਘਰ ਨੂੰ ਸੁੰਨਾ ਛੱਡਦੇ ਸੀ। ਭਾਵ ਭੋਗ ਤੱਕ ਰਿਸ਼ਤੇਦਾਰ ਤੇ ਗਵਾਂਢੀ ਰਾਤਾਂ ਕਟਾਉਂਦੇ ਸਨ। ਪੁਰਾਤਨ ਵਿਰਸੇ ਨੂੰ ਭੁੱਲ ਕੇ ਤੇ ਨੈਤਿਕਤਾ ਨੂੰ ਵਿਸਾਰ ਕੇ ਅਸੀਂ ਪੱਛਮ ਦੀ ਸੱਭਿਅਤਾ ਨੂੰ ਅਪਣਾ ਕੇ ਆਧੁਨਿਕਤਾ ਦੇ ਡੂੰਘੇ ਸਮੁੰਦਰ ਵਿੱਚ ਡੁੱਬਦੇ ਜਾ ਰਹੇ ਹਾਂ, ਜਿਸ ਕਾਰਨ ਆਉਣ ਵਾਲੀਆਂ ਪੀੜ੍ਹੀਆਂ ਸਾਡੇ ਵੱਸ ਵਿੱਚ ਹੀ ਨਹੀਂ ਰਹਿਣਗੀਆਂ।

ਆਪਸੀ ਸਾਂਝ ਤਾਂ ਉਦੋਂ ਇਸ ਕਦਰ ਸੀ ਕਿ ਇੱਕ ਘਰ ਗੱਡੇ ਤੰਦੂਰ 'ਤੇ ਆਂਢ-ਗਵਾਂਢ ਦੇ ਕਈ-ਕਈ ਘਰਾਂ ਦੀਆਂ ਔਰਤਾਂ ਰੋਟੀਆਂ ਲਾਹ ਕੇ ਲੈ ਜਾਂਦੀਆਂ ਸੀ ਤੇ ਰੋਟੀਆਂ ਲਾਹੁਣ ਵਿੱਚ ਇੱਕ ਦੂਜੇ ਦੀ ਮਦਦ ਵੀ ਕਰ ਦਿੰਦੀਆਂ ਸਨ। ਆਂਢੀ-ਗੁਆਂਢੀ ਇੱਕ-ਦੂਜੇ ਦੇ ਘਰੋਂ ਦਾਲ ਦੀ ਕੌਲੀ ਮੰਗ ਕੇ ਲੈ ਜਾਂਦੇ ਸੀ, ਕਦੇ ਕੋਈ ਨਿੰਦ-ਵਿਚਾਰ ਨਹੀਂ ਕੀਤੀ ਜਾਂਦੀ ਸੀ। ਅੱਜ ਵਾਲੇ ਤਾਂ ਨੈਤਿਕਤਾ ਭੁੱਲ ਚੁੱਕੇ ਹਨ। ਕਈ ਕਲੋਨੀਆਂ ਵਿੱਚ ਤਾਂ ਕਿਸੇ ਨੂੰ ਪਤਾ ਹੀ ਨਹੀਂ ਹੁੰਦਾ ਸਾਡੇ ਗਵਾਂਢ ਕੌਣ ਰਹਿੰਦਾ ਹੈ। ਕਿਉਂਕਿ ਕਿਸੇ ਨਾਲ ਆਪਸੀ ਮਿਲਵਰਤਨ ਵਾਲੀ ਸਾਂਝ ਖਤਮ ਹੋ ਚੁੱਕੀ ਹੈ। ਪਿੰਡ ਗਜਾ ਕਰਨ ਆਏ ਕਿਸੇ ਵੀ ਗਰੀਬ ਨੂੰ ਕੋਈ ਵੀ ਘਰ ਖਾਲੀ ਨਹੀਂ ਮੋੜਦਾ ਸੀ। ਭਾਵੇਂ ਕੌਲੀ ਆਟਾ ਹੀ ਪਾਉਂਦੇ। ਅੱਜ ਵਾਲੇ ਤਾਂ ਅੰਦਰੋਂ ਬੈਠੇ ਕੈਮਰੇ ਵਿੱਚ ਦੇਖ ਕੇ ਕਿ ਕੋਈ ਬਾਹਰ ਗਰੀਬ ਆਇਆ ਹੈ, ਅੰਦਰੋਂ ਕੁੰਡਾ ਨਹੀਂ ਖੋਲ੍ਹਦੇ। ਖੈਰ! ਜ਼ਮਾਨਾ ਵੀ ਠੀਕ ਨਹੀਂ ਹੈ। ਭਾਵੇਂ ਅਸੀਂ ਆਧੁਨਿਕਤਾ ਦੇ ਦੌਰ ਵਿੱਚ ਪੜ੍ਹਾਈ ਦੇ ਅਖੀਰਲੇ ਡੰਡੇ ਨੂੰ ਫੜਨ ਵਾਲੇ ਪਾਸੇ ਤੁਰ ਪਏ ਹਾਂ, ਪ੍ਰੰਤੂ ਜੇਕਰ ਉਸ ਪੁਰਾਤਨ ਵਿਰਸੇ ਵੱਲ ਝਾਤ ਮਾਰੀਏ ਤਾਂ ਨੈਤਿਕਤਾ ਬਾਰੇ ਸੈਂਕੜੇ ਸਾਲ ਪਿੱਛੇ ਨੂੰ ਜਾ ਰਹੇ ਹਾਂ, ਜਿਸ ਕਾਰਨ ਸੰਯੁਕਤ ਪਰਵਾਰ ਤਿੜਕ ਕੇ ਇਕੱਲਤਾ ਦਾ ਸੰਤਾਪ ਭੋਗ ਰਹੇ ਹਾਂ।

ਸਾਨੂੰ ਸਮੇਂ ਦੇ ਦੌਰ ਵਿੱਚ ਰੁਕ ਕੇ ਵਿਚਾਰਾਂ ਕਰ ਲੈਣੀਆਂ ਚਾਹੀਦੀਆਂ ਹਨ ਕਿ ਅੱਜ ਦੇ ਮੋਬਾਇਲ, ਕੰਪਿਊਟਰ ਯੁੱਗ ਵਿੱਚ ਤੇ ਸੋਸ਼ਲ ਮੀਡੀਆ ਦੇ ਪਲੇਟਫਾਰਮਾਂ ਰਾਹੀਂ ਕੀ ਅਸੀਂ ਆਪਣੀਆਂ ਪੁਰਾਤਨ ਕਦਰਾਂ-ਕੀਮਤਾਂ ਦੇ ਲਿਹਾਜ਼ ਨਾਲ ਠੀਕ ਕਰ ਰਹੇ ਹਾਂ? ਕਿਤੇ ਅਸੀਂ ਆਪਣੀਆਂ ਸੋਨੇ ਵਰਗੀਆਂ ਕਦਰਾਂ-ਕੀਮਤਾਂ ਨੂੰ ਛੱਡ ਕੇ ਕੋਲਿਆਂ ਦੀ ਨਿਆਈ ਪੱਛਮੀ ਸੱਭਿਅਤਾ ਨੂੰ ਅਪਣਾ ਕੇ ਪੁਰਾਤਨ ਕਦਰਾਂ-ਕੀਮਤਾਂ ਦਾ ਘਾਣ ਤਾਂ ਨਹੀਂ ਕਰ ਰਹੇ? ਸਾਨੂੰ ਖਾਸ ਕਰਕੇ ਪੰਜਾਬੀਆਂ ਨੂੰ ਇਹ ਸੋਚਣ ਦੀ ਲੋੜ ਹੈ!! ਇੱਕ ਪਾਸੇ ਤਾਂ ਅਸੀਂ ਭਾਰਤ ਨੂੰ 'ਵਿਸ਼ਵ ਗੁਰੂ' ਦੇਸ਼ ਬਣਾਉਣ ਵਾਲੀਆਂ ਗੱਲਾਂ ਕਰਦੇ ਹਾਂ, ਦੂਜੇ ਪਾਸੇ ਅਸੀਂ ਆਪਣੇ ਸੱਭਿਆਚਾਰ ਨੂੰ ਭੁੱਲਦੇ ਜਾ ਰਹੇ ਹਾਂ। ਭਾਵੇਂ ਆਧੁਨਿਕਤਾ ਵਾਸਤੇ ਸਾਇੰਸ ਦੀ ਆਧੁਨਿਕ ਟੈਕਨਾਲੋਜੀ ਦੀ ਸਖਤ ਲੋੜ ਹੈ, ਪ੍ਰੰਤੂ ਜੇਕਰ ਅਸੀਂ ਆਪਣੀਆਂ ਪੁਰਾਤਨ ਕਦਰਾਂ-ਕੀਮਤਾਂ ਨੂੰ ਭੁੱਲ ਕੇ ਅਜਿਹਾ ਕਰਾਂਗੇ ਤਾਂ ਫਿਕਰਮੰਦੀ ਵਾਲੀ ਗੱਲ ਤਾਂ ਹੈ।

**# ਸੰਪਰਕ : 96462-00468**

# ਛੋਟੀ ਹੁੰਦੀ ਵੱਡਿਆਂ ਵਾਂਗ ਗੱਲਾਂ ਕਰਦੀ ਸੀ ਕਲਪਨਾ ਚਾਵਲਾ

**ਪ੍ਰਿੰ. ਹਰੀ ਕ੍ਰਿਸ਼ਨ ਮਾਇਰ**

ਭਾਰਤ ਵਿਚ ਜੰਮੀ, ਅਮਰੀਕਨ ਪੁਲਾੜ ਯਾਤਰੀ ਅਤੇ ਏਅਰੋ ਸਪੇਸ ਇੰਜੀਨੀਅਰ, ਕਲਪਨਾ ਚਾਵਲਾ ਪੁਲਾੜ ਵਿੱਚ ਜਾਣ ਵਾਲੀ ਪਹਿਲੀ ਭਾਰਤੀ ਮਹਿਲਾ ਸੀ। ਸੰਨ 2003 'ਚ ਨਾਸਾ ਦੇ ਐੱਸ.ਟੀ.ਐੱਸ -107 ਮਿਸ਼ਨ ਕੋਲੰਬੀਆ ਤੇ ਉਸ ਦੀ ਆਖਰੀ ਉਡਾਣ ਸੀ ।ਵਾਪਸ ਪਰਤਣ ਸਮੇਂ ਸ਼ਟਲ, ਧਰਤੀ ਦੇ ਵਾਯੂ-ਮੰਡਲ ਵਿੱਚ ਦਾਖ਼ਲ ਹੁੰਦਿਆਂ ਸਾਰ ਸੜ ਕੇ ਸੁਆਹ ਹੋ ਗਈ ਸੀ।ਛੇ ਹੋਰ ਚਾਲਕਾਂ ਦੇ ਨਾਲ ਕਲਪਨਾ ਚਾਵਲਾ ਵੀ ਇਸ ਹਾਦਸੇ ਦੌਰਾਨ ਮਾਰੀ ਗਈ ਸੀ ।

ਕਲਪਨਾ ਚਾਵਲਾ ਦਾ ਜਨਮ ਦਸਤਾਵੇਜ਼ਾਂ ਅਨੁਸਾਰ 1 ਜੁਲਾਈ 1961 ਨੂੰ ਹਰਿਆਣਾ ਦੇ ਸ਼ਹਿਰ ਕਰਨਾਲ (ਉਦੋਂ ਪੰਜਾਬ ਵਿੱਚ ) ਵਿੱਚ ਪਿਤਾ ਸ੍ਰੀ ਬਨਾਰਸੀ ਲਾਲ ਅਤੇ ਮਾਂ ਸੰਯੋਗਤਾ ਦੇ ਘਰ ਹੋਇਆ ।ਉਨ੍ਹਾਂ ਦਾ ਪਰਵਾਰ ਦੇਸ਼ ਦੀ ਵੰਡ ਸਮੇਂ ਮੁਲਤਾਨ ਤੋਂ ਉੱਜੜ ਕੇ ਪੰਜਾਬ ਵਿੱਚ ਆ ਕੇ ਵਸਿਆ ਸੀ।ਪਿਤਾ ਟਾਇਰਾਂ ਦਾ ਕੰਮ ਕਰਦਾ ਸੀ।ਮਾਂ ਘਰੇਲੂ ਔਰਤ ਸੀ।ਉਸ ਨੇ ਆਪਣੀ ਮੁੱਢਲੀ ਪੜ੍ਹਾਈ ਟੈਗੋਰ ਬਾਲ ਨਿਕੇਤਨ ਸੀਨੀਅਰ ਸੈਕੰਡਰੀ ਸਕੂਲ, ਕਰਨਾਲ ਤੋਂ ਕੀਤੀ।ਉਦੋਂ ਉਹ ਤਿੰਨ ਸਾਲ ਦੀ ਸੀ, ਜਦੋਂ ਉਹ ਆਪਣੇ ਪਿਤਾ ਨਾਲ ਸਥਾਨਕ ਫਲਾਇੰਗ ਕਲੱਬ ਵਿੱਚ ਜਾਂਦੀ ਹੁੰਦੀ ਸੀ।ਉੱਥੇ ਉੱਡਦੇ ਜਹਾਜ਼ਾਂ ਨੂੰ ਦੇਖਦੀ।ਉਡਣ ਦੇ ਸੁਪਨੇ ਲੈਣ ਲੱਗ ਪਈ ਸੀ।ਇਕ ਵਾਰ ਕਲਪਨਾ ਨੇ ਕਲੱਬ ਦੇ 'ਪੁਸ਼ਪਕ' ਜਹਾਜ਼ ਅਤੇ ਗਲਾਈਡਰ ਵਿੱਚ ਸਵਾਰ ਹੋ ਕੇ ਵੀ ਦੇਖਿਆ ਸੀ।

ਉਹ ਆਪਣੇ ਚਾਰ ਭੈਣਾਂ-ਭਾਈਆਂ ਵਿੱਚ ਸਭ ਨਾਲ਼ੋਂ ਛੋਟੀ ਸੀ।ਛੋਟੀ ਹੁੰਦੀ ਹੀ ਉਹ ਵੱਡਿਆਂ ਵਾਂਗ ਗੱਲਾਂ ਕਰਨ ਲੱਗ ਪਈ ਸੀ।ਸ਼ੁਰੂ ਤੋਂ ਹੀ ਉਹ ਆਜ਼ਾਦ ਖਿਆਲਾਂ ਵਾਲੀ ਅਤੇ ਖੋਜੀ ਸੁਭਾਅ ਦੀ ਕੁੜੀ ਸੀ।ਕਲਪਨਾ ਦਾ ਬਚਪਨ ਦਾ ਛੋਟਾ ਨਾਂਅ ਮੋਂਟੋ ਸੀ।ਜਦੋਂ ਉਸ ਦੀ ਆਂਟੀ ਉਸ ਨੂੰ ਟੈਗੋਰ ਬਾਲ ਨਿਕੇਤਨ ਸਕੂਲ ਵਿੱਚ ਦਾਖਲ ਕਰਾਉਣ ਗਈ ਤਾਂ ਪ੍ਰਿੰਸੀਪਲ ਨੇ ਬੱਚੇ ਦਾ ਨਾਂਅ ਪੁੱਛਿਆ, ਪਰ ਉਸ ਦਾ ਪੱਕਾ ਨਾਂਅ ਤਾਂ ਅਜੇ ਰੱਖਿਆ ਨਹੀਂ ਸੀ।ਉਹ ਬੋਲੀ, ਅਸੀਂ ਇਸ ਦੇ ਤਿੰਨ ਨਾਂਅ ਸੋਚ ਰੱਖੇ ਹਨ। ਇਸ ਦਾ ਪੱਕਾ ਨਾਂਅ ਹਾਲੇ ਰੱਖਿਆ ਨਹੀਂ ।

ਪ੍ਰਿੰਸੀਪਲ ਨੇ ਪੁੱਛਿਆ, ਕਿਹੜੇ ਨਾਂਅ ਸੋਚੇ ਨੇ ਤੁਸੀਂ?

ਆਂਟੀ ਬੋਲੀ, ਕਲਪਨਾ, ਜਿਓਤਸਨਾ ਅਤੇ ਸੁਨੈਨਾ।

ਪ੍ਰਿੰਸੀਪਲ ਨੇ ਪੁੱਛਿਆ, ਇਨ੍ਹਾਂ 'ਚੋਂ ਤੁਹਾਨੂੰ ਜ਼ਿਆਦਾ ਪਸੰਦ ਕਿਹੜਾ ?

ਕਲਪਨਾ, ਸਕੂਲ ਦਾਖ਼ਲ ਹੋਣ ਆਈ ਕੁੜੀ ਝੱਟ ਬੋਲੀ।ਆਪੇ ਆਪਣਾ ਨਾਂਅ ਰੱਖ ਲਿਆ ਸੀ, ਉਸ ਨੇਆਪਣੇ ਨਾਂਅ ਵਾਂਗ ਕਲਪਨਾ ਸੁਪਨੇ ਦੇਖਣ ਵਾਲੀ, ਇਕ ਹੋਣਹਾਰ ਕੁੜੀ ਸੀ।ਛੋਟੇ ਜਿਹੇ ਘਰ ਦੀ ਛੱਤ 'ਤੇ ਜਦ ਉਨ੍ਹਾਂ ਦਾ ਪਰਵਾਰ ਘੂਕ ਸੁੱਤਾ ਪਿਆ ਹੁੰਦਾ, ਉਦੋਂ ਉਹ ਟਿਮਟਿਮਾਉਂਦੇ ਤਾਰਿਆਂ ਨਾਲ ਬਾਤਾਂ ਪਾਉਂਦੀ।ਇਕ ਵਾਰ ਉਸ ਦੇ ਇਕ ਜਮਾਤੀ ਨੇ ਭਾਰਤ ਦਾ ਭੂਗੋਲਿਕ ਨਕਸ਼ਾ ਕਲਾਸ ਦੇ ਕਮਰੇ ਦੇ ਫ਼ਰਸ਼ ਉੱਪਰ ਬਣਾਇਆ ਸੀ।ਕਲਪਨਾ ਨੇ ਉਸ ਤੋਂ ਉਤਸ਼ਾਹਿਤ ਹੋ ਕੇ ਕਾਲੇ ਚਾਰਟਾਂ ਉੱਤੇ ਚਮਕਣੇ ਬਿੰਦੂ ਲਗਾ ਕੇ ਕਲਾਸ ਦੇ ਕਮਰੇ ਦੀ ਪੂਰੀ ਛੱਤ ਨੂੰ ਜਿਵੇਂ ਨਿੱਕੇ-ਨਿੱਕੇ ਚਮਕਣੇ ਤਾਰਿਆਂ ਨਾਲ ਭਰਿਆ ਅੰਬਰ ਬਣਾ ਦਿੱਤਾ ਸੀ।ਅਧਿਆਪਕ ਉਨ੍ਹਾਂ ਨੂੰ ਕੋਈ ਚਾਰਟ ਤਿਆਰ ਕਰਨ ਨੂੰ ਕਹਿੰਦੇ ਸਨ, ਉਹ ਚਾਰਟ 'ਤੇ ਉੱਡਦੇ ਜਹਾਜ਼ਾਂ ਦੇ ਚਿੱਤਰ ਹੀ ਬਣਾਉਂਦੀ ਸੀ।ਉਹ ਕਾਗ਼ਜ਼ ਦੇ ਜਹਾਜ਼ ਬਣਾ ਕੇ ਵੀ ਘਰ ਦੀ ਛੱਤ 'ਤੇ ਵੀ ਉਡਾਉਂਦੀ ਹੁੰਦੀ ਸੀ।



ਸਕੂਲ ਦੀ ਪੜ੍ਹਾਈ ਪੂਰੀ ਕਰਨ ਤੋਂ ਬਾਅਦ ਉਸ ਨੇ ਪੰਜਾਬ ਇੰਜੀਨੀਅਰਿੰਗ ਕਾਲਜ ਚੰਡੀਗੜ੍ਹ ਤੋਂ ਏਅਰੋਨੌਟਿਕ ਇੰਜੀਨੀਅਰਿੰਗ ਦੀ ਡਿਗਰੀ ਪ੍ਰਾਪਤ ਕੀਤੀ।ਫਿਰ ਉਹ ਉੱਚ ਸਿੱਖਿਆ ਪ੍ਰਾਪਤ ਕਰਨ ਲਈ ਸੰਨ 1982 'ਚ ਅਮਰੀਕਾ ਚਲੀ ਗਈ।ਉੱਥੋਂ ਸੰਨ 1984 'ਚ ਅਰਲਿੰਗਟਨ ਵਿਖੇ ਟੈਕਸਾਸ ਯੂਨੀਵਰਸਿਟੀ ਤੋਂ ਮਾਸਟਰ ਆਫ ਸਾਇੰਸ ਇਨ ਏਅਰੋਸਪੇਸ ਇੰਜੀਨੀਅਰਿੰਗ ਦੀ ਡਿਗਰੀ ਹਾਸਲ ਕੀਤੀ।ਸੰਨ 1986 ਵਿੱਚ ਉਸ ਨੇ ਮਾਸਟਰ ਦੀ ਇੱਕ ਹੋਰ ਡਿਗਰੀ ਹਾਸਲ ਕੀਤੀ।ਸੰਨ 1988 'ਚ ਉਸ ਨੇ ਯੂਨੀਵਰਸਿਟੀ ਆਫ ਕਲੋਰਾਡੋ ਬੋਲਡਰ ਤੋਂ ਏਅਰੋ ਸਪੇਸ ਇੰਜੀਨੀਅਰਿੰਗ ਵਿੱਚ ਡਾਕਟ੍ਰੇਟ ਦੀ ਡਿਗਰੀ ਪ੍ਰਾਪਤ ਕੀਤੀ।ਉਸ ਦਾ ਖੋਜ ਥੀਸਜ਼- 'ਕੰਪਿਊਟੇਸ਼ਨ ਆਫ ਡਾਇਨੈਮਿਕਸ ਐਂਡ ਕੰਟ੍ਰੋਲ ਆਫ ਅਨਸਟੈਡੀ ਵੌਰਟੀਕਲ ਫਲੋਜ਼' ਸੀ।

ਸੰਨ 1988 ਵਿੱਚ ਕਲਪਨਾ ਨੇ ਨਾਸਾ ਏਮਜ਼ ਰਿਸਰਚ ਸੈਂਟਰ ਵਿੱਚ ਕੰਮ ਕਰਨਾ ਸ਼ੁਰੂ ਕੀਤਾ।ਇੱਥੇ ਉਹ 'ਕੰਪਿਊਟੇਸ਼ਨਲ ਫਲੂਡ ਡਾਇਨੈਮਿਕਸ' 'ਤੇ ਖੋਜ ਕਾਰਜ ਕਰਦੀ ਸੀ।ਉਸ ਦਾ ਖੋਜ ਅਧਿਐਨ ਉਸ ਸਮੇਂ ਅਧਿਕਤਰ ਤਕਨੀਕੀ ਮੈਗਜ਼ੀਨਾਂ ਵਿੱਚ ਹੀ ਛਪਿਆ ਜਾਂ ਕਾਨਫਰੰਸਾਂ ਦੌਰਾਨ ਖੋਜ ਪੱਤਰਾਂ ਵਿੱਚ ਪੜ੍ਹਿਆ ਗਿਆ।ਸੰਨ 1993 ਵਿੱਚ ਉਹ 'ਓਵਰਸੈੱਟ ਮੈਥਡਜ਼ ਇਨਕਾਰਪੋਰੇਸ਼ਨ' ਵਿੱਚ ਕੰਮ ਕਰਨ ਲੱਗੀ।ਉਹ ਪ੍ਰਮਾਣਿਤ ਫਲਾਈਟ ਇੰਸਟਰੱਕਟਰ ਸੀ।ਉਸ ਕੋਲ ਜਹਾਜ਼ ਚਲਾਉਣ ਲਈ ਪ੍ਰਮਾਣਿਤ ਪਾਇਲਟ ਦਾ ਵਪਾਰਕ ਲਾਈਸੈਂਸ ਮੌਜੂਦ ਸੀ।ਸੰਨ 1991 ਵਿੱਚ ਸੰਯੁਕਤ ਰਾਜ ਅਮਰੀਕਾ ਦੀ ਨਾਗਰਿਕਤਾ ਮਿਲ ਜਾਣ ਉਪਰੰਤ ਉਸ ਨੇ 'ਨਾਸਾ ਐਸਟ੍ਰੋਨਾਟ ਕਾਰਪੋਰੇਸ਼ਨ' ਵਿੱਚ ਕੰਮ ਕਰਨ ਲਈ ਬੇਨਤੀ ਪੱਤਰ ਦਿੱਤਾ।ਸੰਨ 1995 ਵਿੱਚ ਉਸ ਦੀ ਕਾਰਪੋਰੇਸ਼ਨ ਵਿੱਚ ਨਿਯੁਕਤੀ ਹੋ ਗਈ ਸੀ।ਉਸ ਨੂੰ ਸੰਨ 1997 'ਚ ਪੁਲਾੜ ਵਿੱਚ ਭੇਜੀ ਜਾਣ ਵਾਲੀ ਪਹਿਲੀ ਉਡਾਣ ਲਈ ਵੀ ਚੁਣ ਲਿਆ ਗਿਆ ਸੀ।ਇੰਝ ਉਸ ਦਾ ਚਿਰ ਤੋਂ ਲਿਆ ਗਿਆ ਸੁਪਨਾ ਹਕੀਕਤ ਵਿੱਚ ਬਦਲ ਗਿਆ।

ਪਹਿਲਾ ਪੁਲਾੜ ਮਿਸ਼ਨ: ਉਸ ਦਾ ਪਹਿਲਾ ਪੁਲਾੜ ਮਿਸ਼ਨ 19 ਨਵੰਬਰ 1997 ਤੋਂ ਆਰੰਭ ਹੋਇਆ, ਜਦੋਂ ਉਹ ਛੇ ਸ਼ਟਲ ਚਾਲਕ ਅਤੇ ਤਕਨੀਸ਼ੀਅਨਾਂ (Crews) ਨਾਲ ਸ਼ਾਮਲ ਹੋ ਕੇ, ਸਪੇਸ ਸ਼ਟਲ 'ਕੋਲੰਬੀਆ STR-87' ਮਿਸ਼ਨ ਵਿੱਚ ਪੁਲਾੜ ਲਈ ਰਵਾਨਾ ਹੋਈ।ਇਸ ਨਾਲ ਕਲਪਨਾ ਚਾਵਲਾ ਪੁਲਾੜ ਵਿਚ ਜਾਣ ਵਾਲੀ ਪਹਿਲੀ ਭਾਰਤੀ ਔਰਤ (Astronaut) ਬਣ ਗਈ ਸੀ।ਪਹਿਲੇ ਮਿਸ਼ਨ ਦੌਰਾਨ ਉਸ ਨੇ ਧਰਤੀ ਦੁਆਲੇ 252 ਚੱਕਰ ਲਗਾਏ।ਇਨ੍ਹਾਂ ਚੱਕਰਾਂ ਦੌਰਾਨ 10.67 ਮਿਲੀਅਨ ਕਿੱਲੋਮੀਟਰ ਦਾ ਪੈਂਡਾ ਤਹਿ ਕੀਤਾ।ਉਹ ਤਕਰੀਬਨ 376 ਘੰਟੇ, ਯਾਨੀ ਕਿ 15 ਦਿਨ 16 ਘੰਟੇ ਪੁਲਾੜ ਵਿੱਚ ਰਹੀ।

STS-87 ਮਿਸ਼ਨ ਦੀਆਂ ਸਰਗਰਮੀਆਂ ਦਾ ਪੂਰਾ ਲੇਖਾ-ਜੋਖਾ ਕਰਨ ਉਪਰੰਤ ਕਲਪਨਾ ਚਾਵਲਾ ਨੂੰ ਪੁਲਾੜ ਸਟੇਸ਼ਨ 'ਤੇ ਕੁਝ ਤਕਨੀਕੀ ਸਥਿਤੀਆਂ 'ਤੇ ਕੰਮ ਕਰਨ ਲਈ ਐਸਟ੍ਰੋਨਾਟ ਆਫ਼ਿਸ ਵਿੱਚ ਨਿਯੁਕਤ ਕਰ ਦਿੱਤਾ ਗਿਆ।

ਦੂਜਾ ਸਪੇਸ ਮਿਸ਼ਨ ਅਤੇ ਮੌਤ : ਸੰਨ 2000 ਵਿੱਚ ਚਾਵਲਾ ਨੂੰ ਦੂਜੀ ਪੁਲਾੜੀ ਉਡਾਣ ਲਈ STS-107 ਮਿਸ਼ਨ ਦੇ ਕਰਿਊ ਦੇ ਤੌਰ 'ਤੇ ਜਾਣ ਲਈ ਚੁਣ ਲਿਆ ਗਿਆ ਸੀ।ਕੁਝ ਤਕਨੀਕੀ ਕਾਰਨਾਂ ਕਰਕੇ ਇਹ ਮਿਸ਼ਨ ਨਿਸ਼ਚਿਤ ਸਮੇਂ 'ਤੇ ਉਡਾਣ ਭਰਨ ਤੋਂ ਖੁੰਝ ਗਿਆ ਸੀ।

16 ਜਨਵਰੀ 2003 ਨੂੰ ਚਾਵਲਾ ਸਪੇਸ ਸ਼ਟਲ 'ਕੋਲੰਬੀਆ' ਰਾਹੀਂ ਮੰਦਭਾਗੇ STS-107 ਮਿਸ਼ਨ 'ਤੇ ਪੁਲਾੜ ਵੱਲ ਰਵਾਨਾ ਹੋਈ।ਇਹ ਦੇਖਿਆ ਗਿਆ ਕਿ ਸਪੇਸ ਸ਼ਟਲ ਦੇ ਬਾਹਰੀ ਟੈਂਕ ਤੋਂ ਫ਼ੋਮ ਇੰਸੂਲੇਸ਼ਨ ਟੁੱਟ ਕੇ ਔਰਬੀਟਰ ਦੇ ਪੋਰਟ ਵਿੰਗ ਨੂੰ ਟਕਰਾਈ ਸੀ, ਪਰ ਤਕਨੀਸ਼ੀਅਨਾਂ ਨੇ ਇਸ ਨੂੰ ਛੋਟੀ ਜਿਹੀ ਖ਼ਰਾਬੀ ਮੰਨਿਆ ਸੀ ।

ਮੁੜਨ ਵੇਲੇ ਜਦੋਂ ਸਪੇਸ ਸ਼ਟਲ ਧਰਤੀ ਦੇ ਵਾਯੂ-ਮੰਡਲ ਵਿੱਚ ਦਾਖਲ ਹੋਈ ਤਾਂ ਝੱਟ ਅੱਗ ਨਾਲ ਸੜ ਕੇ ਸੁਆਹ ਹੋ ਗਈ ਸੀ।ਸਾਰੇ ਛੇ ਕਰਿਊ ਇਸ ਭਿਆਨਕ ਹਾਦਸੇ ਵਿੱਚ ਮਾਰੇ ਗਏ । ਇਨ੍ਹਾਂ ਵਿੱਚ ਕਲਪਨਾ ਚਾਵਲਾ ਵੀ ਸ਼ਾਮਲ ਸੀ ।ਇਸ ਤਰ੍ਹਾਂ 1 ਫ਼ਰਵਰੀ 2003 ਨੂੰ ਕਲਪਨਾ ਚਾਵਲਾ ਟੈਕਸਾਸ ( ਸੰਯੁਕਤ ਰਾਜ) ਉਪਰਲੇ ਵਾਯੂ-ਮੰਡਲ ਵਿੱਚ ਇਕਤਾਲੀ ਸਾਲਾਂ ਦੀ ਉਮਰ ਵਿੱਚ ਸਾਥੋਂ ਸਦਾ ਲਈ ਅਲੋਪ ਹੋ ਗਈ।ਉਸ ਦੀਆਂ ਅਸਥੀਆਂ ਨੂੰ ਜ਼ੀਓਨ ਨੈਸ਼ਨਲ ਪਾਰਕ, ਉਟਾਹ ਵਿੱਚ ਹੋਰ ਚਾਲਕਾਂ ਨਾਲ ਸਪੁਰਦੇ ਖ਼ਾਕ ਕਰ ਦਿੱਤਾ ਗਿਆ ਸੀ।ਅਜਿਹੀ ਉਸ ਨੇ ਖਾਹਿਸ਼ ਵੀ ਜ਼ਾਹਿਰ ਕੀਤੀ ਸੀ। ਉਸ ਦਾ ਪੁਲਾੜ ਵਿਚ ਬਿਤਾਇਆ ਕੁਲ ਸਮਾਂ 31 ਦਿਨ 14 ਘੰਟੇ 54 ਮਿੰਟ ਨਾਸਾ ਦੇ ਰਿਕਾਰਡ ਵਿੱਚ ਦਰਜ ਹੈ।

ਰਾਸ਼ਟਰਪਤੀ ਜਾਰਜ ਡਬਲਿਊ ਬੁਸ਼ ਨੇ ਉਸ ਦੀ ਸ਼ੋਕ ਸਭਾ ਮੌਕੇ ਕਿਹਾ ਸੀ, ਕਲਪਨਾ ਚਾਵਲਾ ਨੇ ਕਦੀ ਤਾਰਿਆਂ ਕੋਲ ਜਾਣ ਦਾ ਸੁਪਨਾ ਲਿਆ ਸੀ, ਅੱਜ ਉਹ ਤਾਰਿਆਂ ਤੋਂ ਵੀ ਅੱਗੇ ਬਹੁਤ ਦੂਰ ਚਲੀ ਗਈ ਹੈ।ਸਾਡੇ ਕਿਸੇ ਵੀ ਪੁਲਾੜ ਯਾਤਰੀ ਨੇ ਪੁਲਾੜ ਵਿੱਚ ਕਲਪਨਾ ਚਾਵਲਾ ਜਿੰਨਾ ਪੈਂਡਾ ਤਹਿ ਨਹੀਂ ਕੀਤਾ।ਉਹ ਭਾਰਤ ਤੋਂ ਇੱਕ ਵਿਦਿਆਰਥੀ ਦੇ ਤੌਰ 'ਤੇ ਅਮਰੀਕਾ ਆਈ ਸੀ, ਹੁਣ ਉਹ ਪੁਲਾੜ ਵਿੱਚੋਂ ਸੈਂਕੜੇ ਮੀਲਾਂ ਦੀ ਦੂਰੀ ਤੋਂ ਆਪਣੀ ਜਨਮ ਭੂਮੀ ਨੂੰ ਨਿਹਾਰੇਗੀ।

**# ਸੰਪਰਕ : 97806-67686**

# ਦੇਸ਼ ਤੇ ਸੂਬੇ ਦੇ ਵਿਕਾਸ 'ਚ ਸਰਗਰਮ ਭੂਮਿਕਾ ਨਿਭਾਵੇ ਉਦਯੋਗ ਜਗਤ : ਨਾਇਬ ਸੈਣੀ

ਚੰਡੀਗੜ੍ਹ (ਕ੍ਰਿਸ਼ਨ ਗਰਗ)- ਹਰਿਆਣਾ ਦੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨੇ ਵੀਰਵਾਰ ਨੂੰ ਬਜਟ 2025-26 ਲਈ ਪਾਣੀਪਤ ਵਿਚ ਕਪੜਾ ਉਦਯੋਗ ਦੇ ਪ੍ਰਤੀਨਿਧੀਆਂ ਦੇ ਨਾਲ ਪ੍ਰੀ-ਬਜਟ ਕੰਸਲਟੇਸ਼ਨ ਮੀਟਿੰਗ ਕੀਤੀ। ਇਸ ਮੌਕੇ 'ਤੇ ਉਦਯੋਗ ਅਤੇ ਵਪਾਰ ਮੰਤਰੀ ਰਾਓ ਨਰਬੀਰ ਸਿੰਘ ਮੌਜੂਦ ਰਹੇ। ਮੁੱਖ ਮੰਤਰੀ ਨੇ ਕਿਹਾ ਕਿ ਕਪੜਾ ਉਦਯੋਗ ਜਗਤ ਦੇ ਨਾਲ ਜੋ ਵਿਚਾਰ-ਵਟਾਂਦਰਾ ਹੋਇਆ ਹੈ ਅਤੇ ਸੁਝਾਅ ਲਏ ਗਏ ਹਨ, ਉਨ੍ਹਾਂ ਨੂੰ ਆਗਾਮੀ ਬਜਟ ਵਿਚ ਵੱਧ ਤੋਂ ਵੱਧ ਸ਼ਾਮਿਲ ਕਰਨ 'ਤੇ ਪੂਰੀ ਤਰ੍ਹਾਂ ਨਾਲ ਵਿਚਾਰ ਕੀਤਾ ਕੀਤਾ ਜਾਵੇਗਾ ਤਾਂ ਜੋ ਉਦਯੋਗ ਜਗਤ ਸੂਬਾ ਸਰਕਾਰ ਵੱਲੋਂ ਬਣਾਈ ਗਈ ਯੋਜਨਾਵਾਂ ਦਾ ਪੂਰੀ ਤਰ੍ਹਾਂ ਨਾਲ ਲਾਭ ਚੁੱਕ ਸਕਣ ਅਤੇ ਰੁਜਗਾਰ ਦੇ ਵੱਧ ਤੋਂ ਵੱਧ ਮੌਕੇ ਪੈਦਾ ਕੀਤੇ ਜਾ ਸਕਣ।ਮੁੱਖ ਮੰਤਰੀ ਨੇ ਕਿਹਾ ਕਿ ਉਦਮੀ ਆਪਣੇ ਸੁਝਾਅ ਸਰਕਾਰ ਵੱਲੋਂ ਬਣਾਏ ਗਏ ਪੋਰਟਲ 'ਤੇ ਜਾਂ ਲਿਖਿਤ ਰੂਪ ਨਾਲ ਵੀ ਦੇ ਸਕਦੇ ਹਨ। ਉਨ੍ਹਾਂ ਸੁਝਾਆਂ ਦੇ ਆਧਾਰ 'ਤੇ ਸੂਬੇ ਨੂੰ ਸਮਾਜਿਕ ਬੁਨਿਆਦੀ ਢਾਂਚੇ ਅਤੇ ਆਰਥਕ ਰੂਪ ਨਾਲ ਮਜਬੂਤ ਕਰਨ ਲਈ ਬਜਟ ਵਿਚ ਨਵੀਂ ਯੋਜਨਾਵਾਂ ਬਣਾਈ ਜਾ ਸਕਣ। ਉਨ੍ਹਾਂ ਨੇ ਕਿਹਾ ਕਿ ਸੂਬਾ ਸਰਕਾਰ ਵੱਲੋਂ ਟੈਕਸਟਾਇਲ ਨੂੰ ਆਤਮਨਿਰਭਰ ਬਨਾਉਣ ਲਈ ਨੀਤੀ ਬਣਾਈ ਹੈ। ਛੋਟੇ ਉਦਯੋਗਾਂ ਨੂੰ ਪ੍ਰੋਤਸਾਹਨ ਦੇਣ ਲਈ ਸੂਬਾ ਸਰਕਾਰ ਲਗਾਤਾਰ ਕੰਮ ਕਰ ਰਹੀ ਹੈ।ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੀ ਅਗਵਾਈ ਹੇਠ ਕੇਂਦਰ ਸਰਕਾਰ ਅਤੇ ਮੌਜੂਦਾ ਹਰਿਆਣਾ ਸਰਕਾਰ ਸਵੈਰੁਜਗਾਰ ਨੂੰ ਪ੍ਰੇਰਿਤ ਕਰਨ ਲਈ ਕੰਮ ਕਰ ਰਹੀ ਹੈ। ਸਰਕਾਰ ਦਾ ਯਤਨ ਹੈ ਕਿ ਦੇਸ਼ ਦੇ ਵਿਕਾਸ ਵਿਚ ਉਦਯੋਗ ਜਗਤ ਦੀ ਅਹਿਮ ਭਾਗੀਦਾਰੀ ਹੋਣੀ ਚਾਹੀਦੀ ਹੈ।

ਇਸ ਮੌਕੇ 'ਤੇ ਵਿਧਾਇਕ ਪ੍ਰਮੋਦ ਵਿਜ, ਟਾਉਨ ਐਂਡ ਕੰਟਰੀ ਪਲਾਨਿੰਗ ਵਿਭਾਗ ਦੇ ਵਧੀਕ ਮੁੱਖ ਸਕੱਤਰ ਏ.ਕੇ. ਸਿੰਘ, ਗੋਲਡਨ ਜੈਯੰਤੀ ਹਰਿਆਣਾ ਵਿੱਤੀ ਪ੍ਰਬੰਧਨ ਸੰਸਥਾਨ ਦੇ ਡਾਇਰੈਕਟਰ ਜਨਰਲ ਅੰਸ਼ਜ ਸਿੰਘ, ਡਿਪਟੀ ਕਮਿਸ਼ਨਰ ਡਾ. ਵੀਰੇਂਦਰ ਕੁਮਾਰ ਦਹੀਆ ਅਤੇ ਸਾਬਕਾ ਸਾਂਸਦ ਸੰਜੈ ਭਾਟੀਆ ਸਮੇਤ ਹੋਰ ਸੀਨੀਅਰ ਅਧਿਕਾਰੀ ਅਤੇ ਉਦਯੋਗ ਸੰਗਠਨ ਦੇ ਪ੍ਰਤੀਨਿਧੀ ਮੌਜੂਦ ਸਨ।

## ਡਾ. ਅੰਬੇਡਕਰ ਦੀ ਮੂਰਤੀ ਨਾਲ ਛੇੜਖਾਨੀ ਸੂਬੇ 'ਚ ਭਾਈਚਾਰਕ ਸਾਂਝ ਨੂੰ ਤੋੜਨ ਦੀ ਸਾਜਿਸ਼ : ਤਰਕਸ਼ੀਲ ਸੁਸਾਇਟੀ

**ਜਲੰਧਰ : (ਕੇਸਰ)**— ਤਰਕਸ਼ੀਲ ਸੁਸਾਇਟੀ ਪੰਜਾਬ ਇਕਾਈ ਤੇ ਜਲੰਧਰ ਵਲੋਂ ਪ੍ਰੈਸ ਜਾਰੀ ਕਰਦਿਆਂ ਕਿਹਾ ਕਿ ਪੰਜਾਬ ਵਿੱਚ ਕਨੂੰਨ ਵਿਵਸਥਾ, ਲਾਅ ਐਂਡ ਆਰਡਰ ਬਹੁਤ ਕਮਜ਼ੋਰ ਹੈ। ਅੰਮਿਤਸਰ ਦਰਬਾਰ ਸਾਹਿਬ ਦੇ ਸਾਹਮਣੇ ਬਾਬਾ ਸਾਹਿਬ ਦੇ ਬੁੱਤ ਨਾਲ ਚਿੱਟੇ ਦਿਨ ਕੋਈ ਆਉਂਦਾ ਹੈ ਤੇ ਪੌੜੀ ਲਾਉਂਦਾ ਭੰਨ ਤੋੜ ਕਰ ਦਿੰਦਾ ਤੇ ਬਾਅਦ ਇਹ ਕਹਿ ਦੇਣਾ ਦੋਸ਼ੀ ਮਾਨਸਿਕ ਰੋਗੀ ਹੈ। ਮਾਨਸਿਕ ਰੋਗੀ ਨੇ ਹੋਰ ਨਜ਼ਦੀਕ ਬਹੁਤ ਸਾਰੇ ਇਤਹਾਸਿਕ ਚੀਜ਼ਾਂ ਨੂੰ ਕਿਉਂ ਨਹੀਂ ਛੇੜਿਆ ? ਕੌਣ ਜਿੰਮੇਵਾਰ ਹੈ ? ਅਗਰ ਇਸ ਦਿਨ ਲੋਕ ਭੜਕ ਜਾਂਦੇ ਤਾਂ ਪੰਜਾਬ ਵਿੱਚ ਵੱਡਾ ਖ਼ੂਨ ਖਰਾਬਾ ਹੋ ਜਾਣਾ ਸੀ। ਤਰਕਸ਼ੀਲ ਸੁਸਾਇਟੀ ਪੰਜਾਬ ਵਲੋਂ ਸਰਕਾਰ ਨੂੰ ਅਪੀਲ ਹੈ ਕਿ ਪੰਜਾਬ ਵਿਚੋਂ ਨਸ਼ੀਲੇ ਪਦਾਰਥਾਂ ਦਾ ਮੁਕੰਮਲ ਸਫਾਇਆ ਕਰੇ, ਨੌਜਵਾਨਾਂ ਲਈ ਰੋਜਗਾਰ ਪੈਦਾ ਕਰੇ, ਵਿਦੇਸ਼ਾਂ ਵਿੱਚ ਧੱਕੇ ਖਾ ਰਹੇ ਨੌਜਵਾਨਾਂ ਲਈ ਯੋਗ ਪ੍ਰਬੰਧ ਕੀਤਾ ਜਾਵੇ। ਕਿਉਂਕਿ ਨਾਮੋਸ਼ੀ ਦੀ ਹਾਲਤ ਵਿੱਚ ਨੌਜਵਾਨਾਂ ਤੋਂ ਗਲਤ ਏਜੰਸੀਆਂ ਇਹੋ ਜਿਹੇ ਕੰਮ ਕਰਵਾਉਂਦੀਆਂ ਹਨ। ਇਸ ਮੌਕੇਂ ਸੂਬਾਈ ਆਗੂ ਜਸਵਿੰਦਰ ਫਗਵਾੜਾ, ਸੁਖਦੇਵ ਫਗਵਾੜਾ, ਸੁਰਜੀਤ ਟਿੱਬਾ, ਸੁਖਵਿੰਦਰ ਬਾਗਪੁਰ, ਵਿਜੈ ਰਾਹੀਂ, ਨਸੀਬ ਚੰਦ ਬੱਬੀ ਸੰਦੀਪ ਦਰਦੀ, ਬਿੱਟੂ ਰੂਪੇਵਾਲੀ ਆਦਿ ਹਾਜਰ ਸਨ।

# ਪਲਸ ਮੰਚ ਵੱਲੋਂ ਗਦਰੀ ਗੁਲਾਬ ਕੌਰ ਸ਼ਤਾਬਦੀ ਵਰ੍ਹਾ ਮਨਾਉਣ ਦਾ ਫੈਸਲਾ

**ਜਲੰਧਰ (ਨ ਜ਼ ਸ)**-ਗਦਰ ਲਹਿਰ ਦੀ ਜਾਣੀ ਪਹਿਚਾਣੀ ਸੰਗਰਾਮਣ ਗਦਰੀ ਗੁਲਾਬ ਬੀਬੀ ਗੁਲਾਬ ਕੌਰ ਦੇ ਵਿਛੋੜੇ ਦੀ 100ਵੀਂ ਵਰ੍ਹੇਗੰਢ ( 1925-2025 ) ਫਰਵਰੀ ਮਹੀਨੇ ਤੋਂ ਸ਼ੁਰੂ ਕਰਕੇ ਪੂਰਾ ਵਰ੍ਹਾ 'ਗਦਰੀ ਗੁਲਾਬ ਕੌਰ ਦਾ ਪੈਗਾਮ: ਜਾਰੀ ਰੱਖਣਾ ਹੈ ਸੰਗਰਾਮ' ਮੁਹਿੰਮ ਵਜੋਂ ਮਨਾਉਣ ਦਾ ਪੰਜਾਬ ਲੋਕ ਸਭਿਆਚਾਰਕ ਮੰਚ (ਪਲਸ ਮੰਚ) ਨੇ ਫੈਸਲਾ ਕੀਤਾ ਹੈ। ਪਲਸ ਮੰਚ ਦੀ ਸੂਬਾ ਕਮੇਟੀ ਵੱਲੋਂ ਕੀਤੇ ਵਿਚਾਰ ਵਟਾਂਦਰੇ ਉਪਰੰਤ ਪ੍ਰੈਸ ਨਾਲ ਇਹ ਜਾਣਕਾਰੀ ਸਾਂਝੀ ਕਰਦੇ ਹੋਏ ਪ੍ਰਧਾਨ ਅਮੋਲਕ ਸਿੰਘ ਅਤੇ ਕਾਰਜਕਾਰੀ ਸਕੱਤਰ ਹਰਕੇਸ਼ ਚੌਧਰੀ ਨੇ ਦੱਸਿਆ ਕਿ ਪਲਸ ਮੰਚ ਇਸ ਵਰ੍ਹੇ ਗਦਰੀ ਬੀਬੀ ਗੁਲਾਬ ਕੌਰ ਦੇ ਜੀਵਨ ਸੰਗਰਾਮ ਉਸਦੀ ਅਦੁੱਤੀ ਅਤੇ ਲਾਸਾਨੀ ਕੁਰਬਾਨੀ ਤੋਂ ਪ੍ਰੇਰਨਾ ਲੈਣ ਲਈ ਵਿਸ਼ੇਸ਼ ਸਮਾਗਮ ਲੜੀ ਤੋਰੇਗਾ। ਇਸਦੀ ਮੁਢੱਲੀ ਰੂਪ ਰੇਖਾ ਸਾਂਝੀ ਕਰਦੇ ਹੋਏ ਪਲਸ ਮੰਚ ਆਗੂਆਂ ਨੇ ਦੱਸਿਆ ਕਿ ਵਿਚਾਰ ਗੋਸ਼ਟੀਆਂ, ਗੀਤ ਸੰਗੀਤ, ਨਾਟਕ ਸਮਾਗਮ, ਚਿਤ੍ਰਕਲਾ ਫੋਟੋ ਕਲਾ ਪ੍ਰਦਰਸ਼ਨੀਆਂ, ਫਿਲਮ ਸ਼ੋਅ, ਸੰਗੀਤ ਅਤੇ ਰੰਗ ਮੰਚ ਵਰਕਸ਼ਾਪਾਂ ਲਗਾ ਕੇ ਪੁੰਗਰਦੀ ਪਨੀਰੀ ਅਤੇ ਚੜ੍ਹਦੀ ਜੁਆਨੀ ਨੂੰ ਸਿਹਤਮੰਦ, ਵਿਗਿਆਨਕ, ਲੋਕ ਪੱਖੀ ਅਤੇ ਇਨਕਲਾਬੀ ਸਾਹਿਤ ਸਭਿਆਚਾਰ ਦੇ ਲੜ ਲਾਉਣ ਦੇ ਵਿਸੇਸ ਉੱਦਮ ਜੁਟਾਏ ਜਾਣਗੇ। ਉਨ੍ਹਾਂ ਦੱਸਿਆ ਕਿ ਇਸਦੇ ਨਾਲ ਹੀ ਲੋਕ ਪੱਖੀ ਸੰਸਥਾਵਾਂ ਅਤੇ ਮਿਹਨਤਕਸ਼ ਲੋਕਾਂ ਵੱਲੋਂ ਜਿੱਥੇ ਗੁਲਾਬ ਕੌਰ ਦੇ ਜੀਵਨ ਸੰਗਰਾਮ ਦੀ ਸਹੀ ਪਰਿਪੇਖ ਵਿਚ ਸਮਾਗਮ ਹੋਣਗੇ ਪਲਸ ਮੰਚ ਆਪਣੀਆਂ ਕਲਾ ਕ੍ਰਿਤਾਂ ਨਾਲ ਉਹਨਾਂ ਵਿੱਚ ਯੋਗਦਾਨ ਪਾਇਗਾ।



ਸੂਬਾ ਕਮੇਟੀ ਨੇ 25 ਜਨਵਰੀ ਤੋਂ 31 ਜਨਵਰੀ ਤੱਕ 'ਕਲਾ ਅਤੇ ਲੋਕ ਸਾਂਝ ਮੁਹਿੰਮ' ਮੌਕੇ ਸਾਥ ਦੇਣ ਵਾਲੀਆਂ ਸੰਸਥਾਵਾਂ ਅਤੇ ਵਿਸੇਸ ਕਰਕੇ ਵਿਦਿਅਕ ਅਦਾਰਿਆਂ ਦਾ ਧੰਨਵਾਦ ਕੀਤਾ।

# ਐੱਨ ਸੀ ਸੀ ਕੈਡਿਟਾਂ ਵੱਲੋਂ 'ਪੰਜਾਬ ਵਿੱਚ ਨਸ਼ੇ ਦੀ ਸਮੱਸਿਆ ਅਤੇ ਰੋਕਥਾਮ' 'ਤੇ ਵਿਚਾਰ ਚਰਚਾ



ਜਲੰਧਰ : (ਰਾਜੇਸ਼ ਥਾਪਾ) ਲਇਲਪੁਰ ਖਾਲਸਾ ਕਾਲਜ, ਜਲੰਧਰ ਦੇ ਐਨ.ਸੀ.ਸੀ. ਕੈਡਿਟਾਂ ਨੇ 'ਪੰਜਾਬ ਵਿੱਚ ਨਸ਼ੇ ਦੀ ਸਮੱਸਿਆ ਅਤੇ ਰੋਕਥਾਮ' ਦੇ ਮਹੱਤਵਪੂਰਨ ਮੁੱਦੇ 'ਤੇ ਇੱਕ ਵਿਚਾਰ ਚਰਚਾ ਵਿੱਚ ਭਾਗ ਲਿਆ। ਇਸ ਸਮਾਗਮ ਵਿੱਚ ਕਰਨਲ ਵਿਨੋਦ ਜੋਸ਼ੀ, ਕਮਾਂਡਿੰਗ ਅਫ਼ਸਰ 2 ਪੰਜਾਬ ਐਨ.ਸੀ.ਸੀ. ਬਟਾਲੀਅਨ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ, ਜਿਨ੍ਹਾਂ ਨੇ ਇਸ ਪਹਿਲਕਦਮੀ ਦੀ ਸ਼ਲਾਘਾ ਕੀਤੀ ਅਤੇ ਪੰਜਾਬ ਦੇ ਨੌਜਵਾਨਾਂ 'ਤੇ ਨਸ਼ਿਆਂ ਦੀ ਵਰਤੋਂ ਦੇ ਪ੍ਰਭਾਵਾਂ ਨੂੰ ਉਜਾਗਰ ਕੀਤਾ।ਪ੍ਰਿੰਸੀਪਲ ਡਾ. ਜਸਪਾਲ ਸਿੰਘ ਨੇ ਕਿਹਾ ਕਿ ਇਹ ਵਿਚਾਰ ਚਰਚਾ ਨਸ਼ੀਲੇ ਪਦਾਰਥਾਂ ਬਾਰੇ ਜਾਗਰੂਕਤਾ ਪੈਦਾ ਕਰਨ ਲਈ ਇੱਕ ਮਹੱਤਵਪੂਰਨ ਕਦਮ ਹੈ। ਪੰਜਾਬ ਦੇ ਨੌਜਵਾਨਾਂ ਨੂੰ ਅੱਜ ਦੇ ਦੌਰ ਵਿੱਚ ਨਸ਼ਿਆਂ ਦੇ ਬੁਰੇ ਪ੍ਰਭਾਵਾਂ ਤੋਂ ਜਾਗਰੂਕ ਹੋਣ ਦੀ ਬਹੁਤ ਲੋੜ ਹੈ। ਉਨ੍ਹਾਂ ਨੇ ਨਸ਼ੇ ਤੋਂ ਪ੍ਰਭਾਵਿਤ ਲੋਕਾਂ ਨੂੰ ਸਹਾਇਤਾ ਅਤੇ ਸਲਾਹ ਦੇਣ ਦੀ ਮਹੱਤਤਾ 'ਤੇ ਵੀ ਜ਼ੋਰ ਦਿੱਤਾ।ਮੁਕਾਬਲੇ ਵਿੱਚ ਐਨ.ਸੀ.ਸੀ. ਕੈਡਿਟਾਂ ਦੀ ਉਤਸ਼ਾਹੀ ਭਾਗੀਦਾਰੀ ਵੇਖੀ ਗਈ, ਜਿਨ੍ਹਾਂ ਨੇ ਨਸ਼ੀਲੇ ਪਦਾਰਥਾਂ ਦੇ ਵੱਖ-ਵੱਖ ਪਹਿਲੂਆਂ, ਇਸਦੇ ਸਮਾਜਿਕ ਤੇ ਆਰਥਿਕ ਪ੍ਰਭਾਵਾਂ ਅਤੇ ਇਸ ਖ਼ਤਰੇ ਦਾ ਮੁਕਾਬਲਾ ਕਰਨ ਲਈ ਲੋੜੀਂਦੇ ਕਦਮਾਂ 'ਤੇ ਜੋਸ਼ ਨਾਲ ਗੱਲ ਕੀਤੀ। ਕੈਡਿਟਾਂ ਨੇ ਇਸ ਸੰਕਟ ਨੂੰ ਹੱਲ ਕਰਨ ਵਿੱਚ ਸਿੱਖਿਆ, ਜਾਗਰੂਕਤਾ ਅਤੇ ਸਰਕਾਰ ਦੀ ਭੂਮਿਕਾ ਬਾਰੇ ਚਰਚਾ ਕੀਤੀ। ਉਨ੍ਹਾਂ ਦੇ ਭਾਸ਼ਣਾਂ ਨੇ ਨਸ਼ਿਆਂ ਦੀ ਰੋਕਥਾਮ ਵਿੱਚ ਭਾਈਚਾਰਕ ਸ਼ਮੂਲੀਅਤ ਦੀ ਜ਼ਰੂਰਤ ਨੂੰ ਜ਼ਰੂਰੀ ਦੱਸਿਆ। ਸਮਰਿਧੀ ਕੌਸ਼ਲ, ਭਵਾਨੀ ਸ਼ਰਮਾ ਅਤੇ ਸ਼ਰਨਪ੍ਰੀਤ ਜੌਹਲ ਨੇ ਕ੍ਰਮਵਾਰ ਪਹਿਲਾ, ਦੂਜਾ ਅਤੇ ਤੀਜਾ ਸਥਾਨ ਪ੍ਰਾਪਤ ਕੀਤਾ। ਇਨ੍ਹਾਂ ਕੈਡਿਟਾਂ ਤੋਂ ਇਲਾਵਾ ਜਤਿਨ, ਜਸਪ੍ਰੀਤ ਸਿੰਘ, ਹਰਸ਼ਦੀਪ ਸਿੰਘ, ਚੇਤਨਾ, ਜੈਸਮੀਨ, ਮੁਦਿਤ ਠਾਕੁਰ, ਗੁਰਸ਼ਰਨ ਸਿੰਘ ਅਤੇ ਰੂਬੀ ਨੇ ਮੁਕਾਬਲੇ ਵਿੱਚ ਹਿੱਸਾ ਲਿਆ।ਕਰਨਲ ਵਿਨੋਦ ਜੋਸ਼ੀ ਨੇ ਆਪਣੇ ਸੰਬੋਧਨ ਵਿੱਚ ਕੈਡਿਟਾਂ ਦੀ ਭਾਸ਼ਣ ਕਲਾ ਦੀ ਪ੍ਰਸ਼ੰਸਾ ਕੀਤੀ ਅਤੇ ਖੇਤਰ ਵਿੱਚ ਨਸ਼ਿਆਂ ਦੀ ਵੱਧ ਰਹੀ ਸਮੱਸਿਆ 'ਤੇ ਡੂੰਘੀ ਚਿੰਤਾ ਪ੍ਰਗਟ ਕੀਤੀ। ਉਨ੍ਹਾਂ ਨੇ ਭਵਿੱਖੀ ਪੀੜ੍ਹੀ ਲਈ ਨਸ਼ਾ ਮੁਕਤ ਸਮਾਜ ਬਣਾਉਣ ਲਈ ਸਕੂਲਾਂ, ਕਾਲਜਾਂ, ਪੁਲਸ ਅਤੇ ਹੋਰ ਅਦਾਰਿਆਂ ਦੇ ਸਮੂਹਿਕ ਯਤਨਾਂ ਦਾ ਸੱਦਾ ਦਿੱਤਾ।

## ਜਾਨਾਂ ਵਾਰਨ ਵਾਲੇ ਆਜ਼ਾਦੀ ਘੁਲਾਟੀਆਂ ਦੀ ਯਾਦ 'ਚ ਦੋ ਮਿੰਟ ਦਾ ਮੌਨ ਰੱਖਿਆ

ਐਸ.ਏ.ਐਸ.ਨਗਰ ( ਗੁਰਜੀਤ ਬਿੱਲਾ)-ਭਾਰਤ ਦੇ ਆਜ਼ਾਦੀ ਸੰਗਰਾਮ ਦੌਰਾਨ ਆਪਣੀਆਂ ਜਾਨਾਂ ਕੁਰਬਾਨ ਕਰਨ ਵਾਲੇ ਆਜ਼ਾਦੀ ਘੁਲਾਟੀਆਂ ਦੇ ਯੋਗਦਾਨ ਨੂੰ ਯਾਦ ਕਰਨ ਲਈ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਐਸ.ਏ.ਐਸ ਨਗਰ ਮੁਹਾਲੀ ਵਿਖੇ ਦੋ ਮਿੰਟ ਦਾ ਮੌਨ ਰੱਖਿਆ ਗਿਆ।ਇਸ ਮੌਕੇ ਸੀਨੀਅਰ ਪੁਲਸ ਕਪਤਾਨ ਦੀਪਕ ਪਾਰੀਕ, ਵਧੀਕ ਡਿਪਟੀ ਕਮਿਸ਼ਨਰ (ਜ) ਵਿਰਾਜ ਐਸ ਤਿੜਕੇ, ਵਧੀਕ ਡਿਪਟੀ ਕਮਿਸ਼ਨਰ (ਪੇਂਡੂ ਵਿਕਾਸ) ਸ੍ਰੀਮਤੀ ਸੋਨਮ ਚੌਧਰੀ ਅਤੇ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਦੇ ਹੋਰ ਸਟਾਫ਼ ਨੇ ਸ਼ਿਰਕਤ ਕੀਤੀ। ਤਿੜਕੇ ਨੇ ਕਿਹਾ ਕਿ ਰਾਸ਼ਟਰਪਿਤਾ ਮਹਾਤਮਾ ਗਾਂਧੀ ਦੀ ਬਰਸੀ 'ਤੇ ਮਨਾਇਆ ਜਾਣ ਵਾਲਾ ਇਹ ਦਿਹਾੜਾ ਸਾਨੂੰ ਦੇਸ਼ ਦੇ ਉਨ੍ਹਾਂ ਆਜ਼ਾਦੀ ਘੁਲਾਟੀਆਂ ਦੀ ਯਾਦ ਦਿਵਾਉਂਦਾ ਹੈ, ਜਿਨ੍ਹਾਂ ਨੇ ਦੇਸ਼ ਭਗਤੀ ਦੀ ਭਾਵਨਾ ਨਾਲ ਦੇਸ਼ ਨੂੰ ਅੰਗਰੇਜ਼ਾਂ ਦੇ ਜੂਲੇ ਤੋਂ ਆਜ਼ਾਦ ਕਰਵਾਉਣ ਲਈ ਆਪਣੀਆਂ ਜਾਨਾਂ ਵਾਰ ਦਿੱਤੀਆਂ।ਪਾਰੀਕ ਨੇ ਕਿਹਾ ਕਿ ਸਾਨੂੰ ਹਮੇਸ਼ਾ ਹਾਨ ਆਜ਼ਾਦੀ ਘੁਲਾਟੀਆਂ ਦਾ ਸਤਿਕਾਰ ਕਰਨਾ ਚਾਹੀਦਾ ਹੈ, ਜਿਨ੍ਹਾਂ ਨੇ ਸਾਡੇ ਲਈ ਵਧੀਆ ਭਵਿੱਖ ਦੇ ਨਾਲ ਮਾਣ ਵਾਲੀ ਜ਼ਿੰਦਗੀ ਬਣਾਉਣ ਲਈ ਬਰਤਾਨਵੀ ਸ਼ਾਸਕਾਂ ਦੇ ਜ਼ੁਲਮ ਵਿਰੁੱਧ ਲੜਾਈ ਲੜੀ।



## ਨਜਾਇਜ਼ ਹਥਿਆਰਾਂ ਸਮੇਤ ਇੱਕ ਕਾਬੂ

ਜਲੰਧਰ (ਸ਼ੈਲੀ ਐਲਬਰਟ) ਜਲੰਧਰ ਕਮਿਸ਼ਨਰੇਟ ਪੁਲਿਸ ਨੇ ਇੱਕ ਵਿਅਕਤੀ ਨੂੰ ਨਜਾਇਜ਼ ਹਥਿਆਰਾਂ ਸਮੇਤ ਕਾਬੂ ਕੀਤਾ ਹੈ।ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਪੁਲਿਸ ਕਮਿਸ਼ਨਰ ਨੇ ਦੱਸਿਆ ਕਿ ਪੁਲਿਸ ਨੂੰ ਇਤਲਾਹ ਮਿਲੀ ਸੀ ਕਿ ਤਰਨਵੀਰ ਸਿੰਘ ਉਰਫ ਤਨੂ ਪੁੱਤਰ ਤਜਿੰਦਰ ਸਿੰਘ ਵਾਸੀ ਕੋਟ ਸਦੀਕੀ, ਜਲੰਧਰ ਚਿਲਡਰਨ ਪਾਰਕ ਨੇੜੇ ਇਲਾਕੇ 'ਚ ਫਾਇਰਿੰਗ ਕੀਤੀ ਹੈ। ਉਨ੍ਹਾਂ ਦੱਸਿਆ ਕਿ ਪੁਲਿਸ ਨੇ ਮੁਸਤੈਦੀ ਨਾਲ ਕਾਰਵਾਈ ਕਰਦੇ ਹੋਏ ਜਾਲ ਵਿਛਾ ਕੇ ਕਥਿਤ ਦੋਸੀ ਨੂੰ ਕਾਬੂ ਕਰ ਲਿਆ ਹੈ। ਸਵਪਨ ਸ਼ਰਮਾ ਨੇ ਦੱਸਿਆ ਕਿ ਤਲਾਸ਼ੀ ਲੈਣ 'ਤੇ ਪੁਲੀਸ ਨੇ ਇੱਕ 32 ਬੋਰ ਦਾ ਨਜਾਇਜ਼ ਪਿਸਤੌਲ ਸਮੇਤ ਪੰਜ ਜਿੰਦਾ ਰੌਂਦ ਅਤੇ ਇੱਕੋ ਕੈਲੀਬਰ ਦਾ ਇੱਕ ਰਾਉਂਡ ਬਰਾਮਦ ਕੀਤਾ।ਮੁਲਜ਼ਮ ਖਿਲਾਫ ਪੁਲਿਸ ਪਹਿਲਾਂ ਹੀ ਤਿੰਨ ਕੇਸ ਦਰਜ ਕਰ ਹਨ। ਉਨ੍ਹਾਂ ਕਿਹਾ ਕਿ ਮਾਮਲੇ ਦੀ ਅਗਲੇਰੀ ਜਾਂਚ ਕੀਤੀ ਜਾ ਰਹੀ ਹੈ ।



## ਐੱਸ ਟੀ ਐੱਸ ਵਰਲਡ ਸਕੂਲ ਨੇ ਸੰਗੀਤ ਮੁਕਾਬਲੇ ਵਿੱਚ ਵੀ ਮਾਰੀ ਬਾਜ਼ੀ

ਗੁਰਾਇਆ (ਬਿੰਦਰ ਸੁਮਨ) ਐੱਸ ਟੀ ਐੱਸ ਵਰਲਡ ਸਕੂਲ ਪੜ੍ਹਾਈ ਦੇ ਨਾਲ ਨਾਲ ਤਕਨੀਕੀ ਤੇ ਖੇਡਾਂ ਪੱਖੋਂ ਜਿੱਥੇ ਅੱਗੇ ਹੈ ਉਥੇ ਸੰਗੀਤ ਦੇ ਪੱਖੋਂ ਵੀ ਇਹ ਅੱਗੇ ਆ ਰਿਹਾ ਹੈ। ਸਕੂਲ ਦੇ ਬੱਚਿਆਂ ਨੇ ਮੈਡਮ ਸਰਗਮ ਦੀ ਅਗਵਾਈ ਹੇਠ ਕਮਲਾ ਨਹਿਰੂ ਪਬਲਿਕ ਸਕੂਲ ਦੇ ਪ੍ਰਾਇਮਰੀ ਸਕੂਲ ਦੇ ਕੈਂਪਸ ਵਿੱਚ ਹੋਏ ਅੰਤਰ ਸਕੂਲ ਸਬਦ ਗਾਇਨ ਮੁਕਾਬਲੇ ਵਿੱਚ ਵੀ ਇਸ ਨੇ ਦੂਜਾ ਸਥਾਨ ਹਾਸਲ ਕੀਤਾ ਸਕੂਲ ਦੇ ਪ੍ਰਿੰਸੀਪਲ ਮੈਡਮ ਸ੍ਰੀਮਤੀ ਪ੍ਰਭਜੋਤ ਕੌਰ ਗਿੱਲ ਨੇ ਬੱਚਿਆਂ ਦੀ ਇਸ ਕਾਰਗੁਜਾਰੀ ਲਈ ਉਹਨਾਂ ਨੂੰ ਵਧਾਈ ਦਿੱਤੀ ਤੇ ਅੱਗੇ ਤੋਂ ਵੀ ਹੋਰ ਅੱਗੇ ਵਧਣ ਲਈ ਪ੍ਰੇਰਿਤ ਕੀਤਾ ।



## ਅੰਬੇਡਕਰ ਦੇ ਬੁੱਤ ਦੀ ਬੇਅਦਬੀ ਖ਼ਿਲਾਫ਼ ਕੀਤਾ ਮੁਜ਼ਾਹਰਾ

**ਬਲਾਚੌਰ ਜਨਵਰੀ (ਜਸਵਿੰਦਰ ਬੈਂਸ)**—-ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਦੀ ਸਬ ਡਿਵੀਜ਼ਨ ਬਲਾਚੌਰ ਦੇ ਮੇਨ ਚੌਂਕ ਵਿੱਚ ਇੱਕ ਸਾਂਝਾ ਇਕੱਠ ਤੇ ਰੋਸ ਮਾਰਚ ਕੱਢਿਆ ਗਿਆ। 26 ਜਨਵਰੀ ਵਾਲੇ ਦਿਨ ਅੰਮ੍ਰਿਤਸਰ ਵਿਖੇ ਭਾਰਤ ਰਤਨ ਬਾਬਾ ਸਾਹਿਬ ਡਾਕਟਰ ਭੀਮ ਰਾਓ ਅੰਬੇਦਕਰ ਦੇ ਬੁੱਤ ਨਾਲ ਛੇੜਛਾੜ ਕਰਨ ਵਾਲੇ ਵਿਅਕਤੀ ਦੇ ਖਿਲਾਫ ਸਖਤ ਤੋਂ ਸਖਤ ਕਾਰਵਾਈ ਕੀਤੀ ਜਾਵੇ।

ਬੁਲਾਰਿਆਂ ਨੇ ਸੰਬੋਧਨ ਕਰਦਿਆਂ ਕਿਹਾ ਕਿ ਇਹ ਘਟਨਾ ਬਹੁਤ ਹੀ ਨਿੰਦਣ ਯੋਗ ਹੈ। ਦੇਸ਼ ਦੀ ਆਜ਼ਾਦੀ ਦੇ ਅੰਦੋਲਨ ਤੋਂ ਲੈ ਕੇ ਦੇਸ਼ ਦੀ ਲੰਮੇ ਸਮੇਂ ਤੱਕ ਸੱਤਾ ਸੰਭਾਲਣ ਤੱਕ ਪਹਿਲਾਂ ਇਹ ਕੰਮ ਵੱਖ ਵੱਖ ਪਾਰਟੀਆਂ ਕਰਦੀਆਂ ਆ ਰਹੀਆਂ ਸਨ। ਭੀਮ ਰਾਓ ਅੰਬੇਡਕਰ ਦੇ ਸਨਮਾਨ ਨੂੰ ਸੱਟ ਮਾਰਨ ਦੀ ਕੋਸ਼ਿਸ਼ ਕੀਤੀ ਗਈ ਹੈ। ਇਸ ਨੂੰ ਅਣ ਦੇਖਿਆ ਕੀਤਾ ਜਾ ਰਿਹਾ।

ਇਸ ਮੌਕੇ ਜਸਵੀਰ ਔਲੀਆ ਪੁਰ, ਕੌਂਸਲਰ ਪਰਮਿੰਦਰ ਭਾਟੀਆ, ਕੌਂਸਲਰ ਪਰਮਿੰਦਰ ਮੇਨਕਾ, ਕੌਂਸਲਰ ਪਾਨੀ ਕੁਮਾਰ, ਸਾਬਕਾ ਕੌਂਸਲਰ ਸੁਖਵੰਤ ਰਾਏ ਪੱਪੂ, ਨਰੇਸ਼ ਚੇਚੀ, ਲਾਲ ਬਹਾਦਰ ਗਾਂਧੀ, ਦਵਿੰਦਰ ਸ਼ੀਹਮਾਰ, ਚਰਨਜੀਤ ਸੁਮਨ, ਵਿਜੇ ਮੇਨਕਾ, ਜਸਵੰਤ ਤੂਰ, ਸੋਮ ਨਾਥ ਹੱਕਲਾ, ਕੁਲਵਿੰਦਰ ਮੰਡ, ਇਸਮਾਈਲ ਮਹੁੰਮਦ, ਬਾਬਾ ਕਾਲ੍ਹੇ ਸ਼ਾਹ ਕਾਠਗੜ੍ਹ, ਬਹੁਜਨ ਸਮਾਜ ਪਾਰਟੀ ਦੇ ਸ਼ਹਿਰੀ ਪ੍ਰਧਾਨ ਪਰਮਿੰਦਰ ਸਿੰਘ ਲਾਲੀ, ਕੌਂਸਲਰ ਨਿਰਮਲਾ ਰਾਣੀ ਮਨਜੀਤ ਬੇਦੀ, ਜਸਵਿੰਦਰ ਸਿਆਣ ਅਤੇ ਬਹੁਤ ਸਾਰੇ ਸਾਥੀ ਹਾਜ਼ਰ ਸਨ।



## ਕਿਸਾਨ ਆਗੂ ਸ਼ਮਸ਼ੇਰ ਸਿੰਘ ਸ਼ੇਰਾ ਨਾਲ ਕੀਤਾ ਦੁੱਖ ਸਾਂਝਾ

ਨੰਗਲ (ਪੱਤਰ ਪ੍ਰੇਰਕ)-ਭਾਰਤੀ ਕਿਸਾਨ ਮਜ਼ਦੂਰ ਯੂਨੀਅਨ ਸ਼੍ਰੀ ਅਨੰਦਪੁਰ ਸਾਹਿਬ ਦੇ ਪ੍ਰਧਾਨ ਸ਼ਮਸ਼ੇਰ ਸਿੰਘ ਸ਼ੇਰਾ ਵਾਸੀ ਛੋਟੀ ਝੱਖੀਆਂ ਨੂੰ ਉਸ ਸਮੇਂ ਗਹਿਰਾ ਸਦਮਾ ਲੱਗਿਆ, ਜਦੋਂ ਉਹਨਾਂ ਦੀ ਮਾਤਾ ਗੁਰਨਾਮ ਕੌਰ (85)-ਬੀਤੇ ਦਿਨੀਂ ਅਕਾਲ ਚਲਾਣਾ ਕਰ ਗਏ।

ਇਸ ਦੁੱਖ ਦੀ ਘੜੀ ਵਿੱਚ ਉਹਨਾਂ ਨਾਲ ਕੁੱਲ ਹਿੰਦ ਕਿਸਾਨ ਸਭਾ ਦੇ ਜ਼ਿਲ੍ਹਾ ਪ੍ਰਧਾਨ ਕਾਮਰੇਡ ਸੁਰਜੀਤ ਸਿੰਘ ਢੇਰ, ਸਕੱਤਰ ਕਰਨੈਲ ਸਿੰਘ ਬਜਰੂੜ,ਸੀਨੀਅਰ ਮੀਤ ਪ੍ਰਧਾਨ ਤਰਲੋਚਨ ਸਿੰਘ ਹਸੈਨਪਰ, ਮਹਿੰਦਰ ਸਿੰਘ ਸੰਗਤਪੁਰ, ਦਵਿੰਦਰ ਨੰਗਲੀ, ਗੁਰਨਾਮ ਸਿੰਘ ਔਲਖ, ਰਾਮ ਪਾਲ ਤਾਰਾਪੁਰ,ਇੰਦਰਜੀਤ ਸਿੰਘ ਫੌਜੀ, ਵਿਜੇ ਕੁਮਾਰ ਅਜੌਲੀ, ਭਜਨ ਸਿੰਘ ਸੰਦੋਆ, ਬਿਕਰ ਸਿੰਘ ਮੋਠਾਪੁਰ, ਅਮਰਜੀਤ ਸਿੰਘ ਹੋਲਗੜ,ਸੋਮਨਾਥ ਕਰਤਾਰਪੁਰ ਨੇ ਕਿਸਾਨ ਆਗੂ ਸ਼ਮਸ਼ੇਰ ਸਿੰਘ ਦੇ ਨਾਲ ਗਹਿਰੇ ਦੁੱਖ ਦਾ ਪ੍ਰਗਟਾਵਾ ਕੀਤਾ ਅਤੇ ਪਰਵਾਰ ਨਾਲ ਡੂੰਘੀ ਹਮਦਰਦੀ ਪ੍ਰਗਟ ਕੀਤੀ।

# ਆਈ ਕੇ ਜੀ ਪੀ ਟੀ ਯੂ ਵਿਖੇ ਰਾਸ਼ਟਰੀ ਵੋਟਰ ਦਿਵਸ ਉਤਸ਼ਾਹ ਨਾਲ ਮਨਾਇਆ



ਜਲੰਧਰ (ਸ਼ੈਲੀ ਐਲਬਰਟ) ਆਈ ਕੇ ਗੁਜਰਾਲ ਪੰਜਾਬ ਟੈਕਨੀਕਲ ਯੂਨੀਵਰਸਿਟੀ (ਆਈ ਕੇ ਜੀ ਪੀ ਟੀ ਯੂ) ਮੇਨ ਕੈਂਪਸ ਦੇ ਸਿਸਟਮੈਟਿਕ ਵੋਟਰਜ਼ ਐਜੂਕੇਸ਼ਨ ਐਂਡ ਇਲੈਕਟੋਰਲ ਪਾਰਟੀਸੀਪੇਸ਼ਨ (ਸਵੀਪ ) ਐਕਟੀਵਿਟੀਜ਼ ਵਿਭਾਗਾਂ ਅਤੇ ਐਨ ਐਸ ਐਸ ਟੀਮ ਵੱਲੋਂ ਰਾਸ਼ਟਰੀ ਵੋਟਰਜ਼-ਡੇ ਮਨਾਇਆ ਗਿਆ। ਉਪ-ਕੁਲਪਤੀ ਪ੍ਰੋ. (ਡਾ.) ਸੁਸ਼ੀਲ ਮਿੱਤਲ ਨੇ ਇਸ ਪ੍ਰੋਗਰਾਮ ਦੀ ਪ੍ਰਧਾਨਗੀ ਕੀਤੀ ਅਤੇ ਰਜਿਸਟਰਾਰ ਡਾ. ਐਸ ਕੇ ਮਿਸ਼ਰਾ ਨੇ ਇਸ ਪ੍ਰੋਗਰਾਮ ਦਾ ਮਾਰਗ ਦਰਸ਼ਨ ਕੀਤਾ! ਡਾ. ਸਤਵੀਰ ਸਿੰਘ, ਡੀਨ ਵਿਦਿਆਰਥੀ ਭਲਾਈ ਵੱਲੋਂ ਭਾਗੀਦਾਰਾਂ ਨੂੰ ਪ੍ਰੇਰਿਤ ਕਰਨ ਲਈ ਸਮਾਗਮ ਵਿੱਚ ਸ਼ਮੂਲੀਅਤ ਕੀਤੀ ਗਈ। ਡਾ. ਕਪਿਲ ਗੁਪਤਾ, ਨੋਡਲ ਅਫਸਰ ਸਵੀਪ ਐਕਟੀਵਿਟੀਜ਼; ਫੈਕਲਟੀ ਮੈਂਬਰ, ਰਿਸਰਚ ਸਕਾਲਰ ਅਤੇ ਅਧਿਆਪਨ ਵਿਭਾਗਾਂ ਦੇ ਵਿਦਿਆਰਥੀਆਂ ਨੇ ਪ੍ਰੋਗਰਾਮ ਵਿੱਚ ਉਤਸ਼ਾਹ ਨਾਲ ਹਿੱਸਾ ਲਿਆ।ਉਪ-ਕੁਲਪਤੀ ਪ੍ਰੋ. (ਡਾ.) ਸੁਸ਼ੀਲ ਮਿੱਤਲ ਨੇ ਵਿਦਿਆਰਥੀਆਂ, ਖੋਜ ਸਕਾਲਰਾਂ, ਫੈਕਲਟੀ ਅਤੇ ਸਟਾਫ ਮੈਂਬਰਾਂ ਨੂੰ ਚੋਣਾਂ ਵਿੱਚ ਆਪਣੀ ਵੋਟ ਪਾਉਣ ਅਤੇ ਦੇਸ਼ ਦੇ ਲੋਕਤੰਤਰ ਨੂੰ ਮਜ਼ਬੂਤ ਕਰਨ ਲਈ ਪ੍ਰੇਰਿਤ ਕੀਤਾ। ਰਜਿਸਟਰਾਰ ਡਾ. ਐਸ. ਕੇ. ਮਿਸ਼ਰਾ ਵੱਲੋਂ ਸੰਵਿਧਾਨ ਦੁਆਰਾ ਹਰੇਕ ਨਾਗਰਿਕ ਨੂੰ ਦਿੱਤੇ ਗਏ ਵੋਟਿੰਗ ਅਧਿਕਾਰ ਦੀ ਮਹੱਤਤਾ ਬਾਰੇ ਦੱਸਿਆ ਗਿਆ। ਭਾਰਤ ਦੇ ਚੋਣ ਕਮਿਸ਼ਨ ਵੱਲੋਂ ਪ੍ਰਸਾਰਿਤ ਵੱਖ-ਵੱਖ ਵੀਡੀਓ ਕਲਿੱਪਾਂ ਨੂੰ ਭਾਗੀਦਾਰਾਂ ਨੂੰ ਉਨ੍ਹਾਂ ਦੇ ਵੋਟ ਦੇ ਅਧਿਕਾਰ ਬਾਰੇ ਪ੍ਰੇਰਿਤ ਕਰਨ ਲਈ ਚਲਾਇਆ ਗਿਆ। ਵੋਟਰਾਂ ਦਾ ਪ੍ਰਣ ਪੜ੍ਹਿਆ ਗਿਆ ਅਤੇ ਸਾਰੇ ਭਾਗੀਦਾਰਾਂ ਨ ਵੋਟ ਦੇ ਅਧਿਕਾਰ ਦੀ ਵਰਤੋਂ ਕਰਨ ਦੀ ਸਹੁੰ ਚੁੱਕੀ।ਪ੍ਰੋਗਰਾਮ ਦੇ ਅੰਤ ਵਿੱਚਸਾਰੇ ਭਾਗੀਦਾਰਾਂ ਨੇ ਰਾਸ਼ਟਰੀ ਗੀਤ ਗਾਇਆ।

# ਬਾਬਾ ਸਾਹਿਬ ਦੀ ਮੂਰਤੀ ਦੀ ਭੰਨਤੋੜ ਕਰਨ ਵਾਲੇ 'ਤੇ ਲਗਾਈ ਜਾਵੇ ਐੱਨ ਐੱਸ ਏ : ਖੰਨਾ, ਭੱਲਾ



**ਟਾਂਡਾ ਉੜਮੁੜ ( ਜਸਵਿੰਦਰ ਸੰਧੂ ਉਂਕਾਰ ਸਿੰਘ)**- ਅੰਮ੍ਰਿਤਸਰ ਵਿਖੇ ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ ਜੀ ਦੀ ਮੂਰਤੀ ਭੰਨਤੋੜ ਕਰਕੇ ਹਿੰਦੁਸਤਾਨ ਦੇ ਸਾਰੇ ਸਮਾਜ ਦਾ ਅਪਮਾਨ ਕਰਨ ਵਾਲੇ ਦੋਸ਼ੀਆਂ ਨੂੰ ਸਖਤ ਤੋਂ ਸਖਤ ਸਜ਼ਾ ਦਿਵਾਉਣ ਸਬੰਧੀ ਵਿਚਾਰ ਵਟਾਂਦਰਾ ਕਰਨ ਲਈ ਸ਼ਿਵ ਸੈਨਾ ਹਿੰਦੁਸਤਾਨ ਦੇ ਦਫਤਰ ਟਾਂਡਾ ਵਿਖੇ ਪੰਜਾਬ ਕਾਰਜਕਾਰੀ ਪ੍ਰਧਾਨ ਰਾਹੁਲ ਖੰਨਾ ਦੀ ਅਗਵਾਈ ਵਿੱਚ ਇੱਕ ਵਿਸ਼ੇਸ਼ ਮੀਟਿੰਗ ਦਾ ਆਯੋਜਨ ਕੀਤਾ ਗਿਆ ਜਿਸ ਵਿੱਚ ਸਮਾਜਿਕ ਧਾਰਮਿਕ ਸਵੈ ਸੇਵੀ ਸੰਸਥਾਵਾਂ ਦੇ ਆਗੂਆਂ ਤੋਂ ਇਲਾਵਾ ਵੱਖ-ਵੱਖ ਹਿੰਦੂ ਸੰਗਠਨਾਂ ਦੇ ਨੇਤਾਵਾਂ ਨੇ ਭਾਗ ਲਿਆ।ਉਨ੍ਹਾਂ ਨਾਲ ਹੁਸ਼ਿਆਰਪੁਰ ਤੋਂ ਸੀਨੀਅਰ ਹਿੰਦੂ ਨੇਤਾ ਹਰੀਸ਼ ਭੱਲਾ, ਹਿੰਦੂ ਸੰਗਠਨ ਹੁਸ਼ਿਆਰਪੁਰ ਰਾਜਿੰਦਰ ਸ਼ਿੰਦਾ, ਭਾਜਪਾ ਨੇਤਾ ਵੀਨੂੰ ਪੰਡਿਤ, ਸਨਾਤਨ ਧਰਮ ਸਭਾ ਅਹਿਆਪੁਰ ਦੇ ਪ੍ਰਧਾਨ ਨਿਖਲੇਸ਼ ਜਸਰਾ ਨੈਨੂੰ, ਸਮਾਜ ਸੇਵੀ ਸੰਜੀਵ ਸਿਆਲ, ਸ਼ਿਵ ਸੇਨਾ ਜ਼ਿਲ੍ਹਾ ਚੇਅਰਮੈਨ ਵਿਵੇਕ ਵਿਜ਼ਨ ਅਤੇ ਬਲਾਕ ਪ੍ਰਧਾਨ ਗਣੇਸ਼ ਵੈਦ ਹਾਜ਼ਰ ਸਨ।ਆਗੂਆਂ ਨੇ ਕਿਹਾ ਕਿ ਅੰਮ੍ਰਿਤਸਰ ਵਿਖੇ ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ ਜੀ ਦੀ ਮੂਰਤੀ ਦੀ ਭੰਨਤੋੜ ਦੀ ਘਟਨਾ ਨੇ ਸਾਰੇ ਹਿੰਦੁਸਤਾਨ ਨੂੰ ਸ਼ਰਮਸਾਰ ਕਰ ਦਿੱਤਾ ਹੈ।ਇਸ ਮੰਦਭਾਗੀ ਘਟਨਾ ਦੇ ਪਿੱਛੇ ਕੋਈ ਨਾ ਕੋਈ ਗਹਿਰੀ ਸਾਜਿਸ਼ ਹੈ ਜਿਸਦਾ ਪੁਲਸ ਪ੍ਰਸ਼ਾਸਨ ਨੂੰ ਹਰ ਕੀਮਤ 'ਤੇ ਪਰਦਾਫ਼ਾਸ਼ ਕਰਨਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਇਸ ਮੰਦਭਾਗੀ ਘਟਨਾ ਨੂੰ ਅੰਜਾਮ ਦੇਣ ਵਾਲੇ ਤੇ ਪੁਲਸ ਪ੍ਰਸ਼ਾਸਨ ਐਨ.ਐਸ.ਏ ਲਗਾਵੇ ਤਾਂ ਜੋ ਅਗਾਂਹ ਤੋਂ ਕੋਈ ਵੀ ਅਜਿਹੀ ਘਟਨਾ ਬਾਰੇ ਸੋਚ ਵੀ ਨਾ ਸਕੇ। ਉਨ੍ਹਾਂ ਮਾਨ ਸਰਕਾਰ ਨੂੰ ਚੇਤਾਵਨੀ ਦਿੰਦੇ ਹੋਏ ਕਿਹਾ ਕਿ ਪੰਜਾਬ ਭਰ ਵਿੱਚ ਜਿੱਥੇ ਵੀ ਬਾਬਾ ਸਾਹਿਬ ਜੀ ਦੀ ਮੂਰਤੀ ਸਥਾਪਿਤ ਹੈ ਉਨ੍ਹਾਂ ਦੀ ਸੁਰੱਖਿਆ ਨੂੰ ਯਕੀਨੀ ਬਣਾਉਣ ਦੇ ਠੋਸ ਉਪਰਾਲੇ ਕੀਤੇ ਜਾਣ ਤਾਂ ਜੋ ਪੰਜਾਬ ਦਾ ਸ਼ਾਂਤਮਈ ਮਾਹੌਲ ਖਰਾਬ ਨਾ ਹੋ ਸਕੇ।ਇਸ ਮੌਕੇ 'ਤੇ ਅਮਨ ਕੁਮਾਰ, ਸੂਰਜ ਕੁਮਾਰ, ਰਾਜੀਵ ਖੰਨਾ, ਸੰਜੀਵ ਖੰਨਾ, ਗੁਰਨਾਮ ਸਿੰਘ ਗੋਨੀ, ਹਰਦੀਪ ਸਿੰਘ, ਅਰੁਣ ਸੇਠੀ, ਵਿਸ਼ਨ ਦੇਵਰਾਜ, ਪਰਮਜੀਤ ਸਿੰਘ, ਸੁੱਖਾ, ਗੌਰਵ, ਰੋਹਿਤ ਕੁਮਾਰ, ਗੁਰਨਾਮ ਸਿੰਘ ਅਤੇ ਹੋਰ ਹਾਜ਼ਰ ਸਨ।

## ਆਰ ਬੀ ਯੂ ਦੇ ਐਨੀਮੇਸ਼ਨ ਤੇ ਡਿਜ਼ਾਈਨ ਸਕੂਲ ਦੁਆਰਾ ਡਿਜ਼ਾਈਨ ਪ੍ਰਦਰਸ਼ਨੀ



ਚੰਡੀਗੜ੍ਹ (ਗੁਰਜੀਤ ਬਿੱਲਾ)-ਰਿਆਤ ਬਾਹਰਾ ਯੂਨੀਵਰਸਿਟੀ (ਆਰਬੀਯੂ) ਦੇ ਐਨੀਮੇਸ਼ਨ ਅਤੇ ਡਿਜ਼ਾਈਨ ਸਕੂਲ ਨੇ ਆਪਣੇ ਮੋਹਾਲੀ ਕੈਂਪਸ ਵਿੱਚ ਇੱਕ ਸ਼ਾਨਦਾਰ ਚਾਰ-ਰਜ਼ਜਾ ਡਿਜ਼ਾਈਨ ਪ੍ਰਦਰਸ਼ਨੀ ਦਾ ਆਯੋਜਨ ।ਇਸ ਪ੍ਰਦਰਸ਼ਨੀ ਦਾ ਉਦਘਾਟਨ ਰਿਆਤ ਬਾਹਰਾ ਗਰੁੱਪ ਦੇ ਚੇਅਰਮੈਨ ਗੁਰਵਿੰਦਰ ਸਿੰਘ ਬਾਹਰਾ, ਉਪ ਕੁਲਪਤੀ ਡਾ: ਪਰਵਿੰਦਰ ਸਿੰਘ ਨੇ ਕੀਤਾ। ਪ੍ਰਦਰਸਨੀ ਦਾ ਖਾਸ ਆਕਰਸ਼ਣ ਏਆਈ-ਚਰਿੱਤਰੀਕਰਨ ਸੀ, ਜਿੱਥੇ ਵਿਦਿਆਰਥੀਆਂ ਨੇ ਯੂਨੀਵਰਸਿਟੀ ਦੀਆਂ ਪ੍ਰਮੁੱਖ ਸਖਸ਼ੀਅਤਾਂ ਤੋਂ ਪ੍ਰੇਰਿਤ ਵਿਲੱਖਣ ਚਰਿੱਤਰ ਡਿਜ਼ਾਈਨ ਤਿਆਰ ਕੀਤੇ। ਸਕੂਲ ਦੀ ਅਗਵਾਈ ਕਰਨ ਵਾਲੇ ਰਾਸ਼ਟਰੀ ਪੱਧਰ ਦੇ ਪ੍ਰਸਿੱਧ ਐਨੀਮੇਸਨ ਅਤੇ ਡਿਜ਼ਾਈਨ ਸਿੱਖਿਅਕ ਪਰਮਿੰਦਰ ਸਿੰਘ ਰੂਬਲ ਨੇ ਕਿਹਾ ਕਿ ਏ ਆਈ ਵਿੱਚ ਨਵੀਨਤਮ ਤਰੱਕੀ ਦੇ ਨਾਲ ਡਿਜ਼ਾਈਨਰਾਂ, ਐਨੀਮੇਟਰਾਂ ਅਤੇ ਕਲਾਕਾਰਾਂ ਨੂੰ ਸਮਰੱਥ ਬਣਾਉਣਾ ਹੁਣ ਵਿਕਲਪਿਕ ਨਹੀਂ ਹੈ,ਇਹ ਜ਼ਰੂਰੀ ਹੈ।ਆਰਬੀਯੂ ਵਿਖੇ ਐਨੀਮੇਸਨ ਅਤੇ ਡਿਜ਼ਾਈਨ ਸਕੂਲ ਇਸ ਖੇਤਰ ਵਿੱਚ ਖੋਜ ਅਤੇ ਪ੍ਰਯੋਗ ਕਰਨ ਲਈ ਵਚਨਬੱਧ ਹੈ ।

# ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਆਜ਼ਾਦੀ ਸੰਘਰਸ਼ ਦੇ ਸ਼ਹੀਦਾਂ ਨੂੰ ਸ਼ਰਧਾਂਜਲੀਆਂ



ਨਵਾਂਸ਼ਹਿਰ (ਮਨੋਜ ਲਾਡੀ)— ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਵਧੀਕ ਡਿਪਟੀ ਕਮਿਸ਼ਨਰ (ਵਿਕਾਸ) ਅਵਨੀਤ ਕੌਰ ਦੀ ਅਗਵਾਈ ਹੇਠ ਅਧਿਕਾਰੀਆਂ ਅਤੇ ਕਰਮਚਾਰੀਆਂ ਵੱਲੋਂ ਰਾਸ਼ਟਰ ਪਿਤਾ ਮਹਾਤਮਾ ਗਾਂਧੀ ਦੇ ਬਲੀਦਾਨ ਦਿਵਸ ਮੌਕੇ ਸੁਤੰਤਰਤਾ ਸੰਗਰਾਮ ਦੌਰਾਨ ਆਪਣੀਆਂ ਜਾਨਾਂ ਦੇਸ਼-ਕੌਮ ਲਈ ਵਾਰਨ ਵਾਲੇ ਸ਼ਹੀਦਾਂ ਨੂੰ 2 ਮਿੰਟ ਦਾ ਮੌਨ ਧਾਰਨ ਕਰਕੇ ਸ਼ਰਧਾ ਦੇ ਫੁੱਲ ਭੇਟ ਕੀਤੇ ਗਏ।ਇਸ ਮੌਕੇ ਵਧੀਕ ਡਿਪਟੀ ਕਮਿਸ਼ਨਰ ਅਵਨੀਤ ਕੌਰ ਨੇ ਕਿਹਾ ਕਿ ਦੇਸ਼ ਦੇ ਆਜ਼ਾਦੀ ਸੰਘਰਸ਼ ਲਈ ਆਪਣਾ ਜੀਵਨ ਕੁਰਬਾਨ ਕਰਨ ਵਾਲੇ ਦੇਸ਼ ਭਗਤਾਂ ਦੀਆਂ ਕੁਰਬਾਨੀਆਂ ਸਦਕਾ ਹੀ ਅੱਜ ਅਸੀਂ ਆਜ਼ਾਦੀ ਦਾ ਆਨੰਦ ਮਾਣ ਰਹੇ ਹਾਂ। ਉਨ੍ਹਾਂ ਕਿਹਾ ਕਿ ਸ਼ਹੀਦਾਂ ਦੇ ਸੁਪਨਿਆਂ ਨੂੰ ਸਾਕਾਰ ਕਰਨ ਲਈ ਸਾਨੂੰ ਆਪਣੀਆਂ ਡਿਊਟੀਆਂ ਨੂੰ ਜ਼ਿੰਮੇਵਾਰੀ ਨਾਲ ਨਿਭਾਏ ਜਾਣ ਦੀ ਲੋੜ ਹੈ। ਉਨ੍ਹਾਂ ਕਿਹਾ ਕਿ ਦੇਸ਼ ਲਈ ਸ਼ਹਾਦਤਾਂ ਦੇਣ ਵਾਲੇ ਦੇਸ਼ ਭਗਤਾਂ ਨੇ ਇਕ ਨਰੋਏ ਭਾਰਤ ਦੀ ਸਿਰਜਣਾ ਦਾ ਸੁਪਨਾ ਲਿਆ ਸੀ, ਜਿਸ ਨੂੰ ਪੂਰਾ ਕਰਨ ਲਈ ਹਰੇਕ ਨਾਗਰਿਕ ਨੂੰ ਯਤਨਸ਼ੀਲ ਰਹਿਣਾ ਚਾਹੀਦਾ ਹੈ।ਇਸ ਮੌਕੇ ਜ਼ਿਲ੍ਹਾ ਵਿਕਾਸ ਤੇ ਪੰਚਾਇਤ ਅਫ਼ਸਰ ਨਿਧੀ ਸਿਨਹਾ, ਸੁਪਰਡੈਂਟ ਗਰੇਡ-1 ਹਰਵਿੰਦਰ ਸਿੰਘ, ਸੁਪਰਡੈਂਟ ਗਰੇਡ-2 ਬਹਾਦਰ ਸਿੰਘ, ਪੀ.ਏ ਟੂ ਡੀ.ਸੀ ਜਸਬੀਰ ਸਿੰਘ, ਜ਼ਿਲ੍ਹਾ ਨਾਜ਼ਰ ਹਰਪਾਲ ਸਿੰਘ, ਐਮ. ਏ ਸ਼ਾਮ ਲਾਲ ਤੋਂ ਇਲਾਵਾ ਡਿਪਟੀ ਕਮਿਸ਼ਨਰ ਦਫ਼ਤਰ ਦੀਆਂ ਵੱਖ-ਵੱਖ ਸ਼ਾਖਾਵਾਂ ਦੇ ਅਧਿਕਾਰੀ ਅਤੇ ਕਰਮਚਾਰੀ ਹਾਜ਼ਰ ਸਨ।

# ਬਾਬਾ ਸ਼ੇਰ ਸਿੰਘ ਮਹਿਰਾਜ ਵਾਲਿਆਂ ਨੂੰ ਨਿੱਘੀਆਂ ਸ਼ਰਧਾਂਜਲੀਆਂ ਭੇਟ



ਮੇਹਟੀਆਣਾ (ਜਗਤਾਰ ਸਿੰਘ ਭੂੰਗਰਨੀ)- ਗੁਰਦੁਆਰਾ ਛੋਟਾ ਗੁਰੂਸਰ ਸਾਹਿਬ ਪਿੰਡ ਮਹਿਰਾਜ ਵਿਖੇ ਸੰਤ ਬਾਬਾ ਸ਼ੇਰ ਸਿੰਘ, ਜੋ ਪਿਛਲੇ ਦਿਨੀ ਗੁਰੂ ਚਰਨਾਂ ਵਿੱਚ ਜਾ ਬਿਰਾਜੇ ਸਨ, ਨਮਿੱਤ ਰੱਖੇ ਸਹਿਜ ਪਾਠ ਦੇ ਭੋਗ ਪਾਏ ਗਏ। ਉਪਰੰਤ ਭਾਈ ਗੁਰਜਿੰਦਰ ਸਿੰਘ ਹਜ਼ੂਰੀ ਰਾਗੀ ਸ਼੍ਰੀ ਦਰਬਾਰ ਸਾਹਿਬ, ਭਾਈ ਨਿਰਭੈ ਸਿੰਘ, ਭਾਈ ਬਚਿੱਤਰ ਸਿੰਘ ਅਨਮੋਲ, ਗਿਆਨੀ ਸੁਖਦੇਵ ਸਿੰਘ ਪਟਨਾ ਸਾਹਿਬ, ਗਿਆਨੀ ਅਮਰਜੀਤ ਸਿੰਘ ਸ੍ਰੀ ਦਰਬਾਰ ਸਾਹਿਬ, ਗਿਆਨੀ ਤੇਜਵੀਰ ਸਿੰਘ, ਗਿਆਨੀ ਗੁਰਜੰਟ ਸਿੰਘ ਤੇ ਹੋਰ ਜਥਿਆਂ ਨੇ ਜਿੱਥੇ ਆਈਆਂ ਸੰਗਤਾਂ ਨੂੰ ਗੁਰਬਾਣੀ ਕਥਾ-ਕੀਰਤਨ ਨਾਲ ਨਿਹਾਲ ਕੀਤਾ ਉੱਥੇ ਬਾਬਾ ਸ਼ੇਰ ਸਿੰਘ ਦੀ ਜੀਵਨੀ ਉੱਤੇ ਵੀ ਚਾਨਣਾ ਪਾਇਆ।

ਇਸ ਮੌਕੇ ਜਥੇਦਾਰ ਬਾਬਾ ਗੁਰਮੀਤ ਸਿੰਘ ਸੰਪਰਦਾਇ ਕਾਰ ਸੇਵਾ ਸ੍ਰੀ ਹਜ਼ੂਰ ਸਾਹਿਬ ਵਾਲੇ, ਭਾਈ ਜਗਜੀਤ ਸਿੰਘ, ਭਾਈ ਮਨਦੀਪ ਸਿੰਘ, ਭਾਈ ਬਲਵਿੰਦਰ ਸਿੰਘ, ਭਾਈ ਜੀਵਨ ਸਿੰਘ, ਹਰਪ੍ਰੀਤ ਸਿੰਘ, ਅਮਰਜੀਤ ਸਿੰਘ ਰਾਜਾ ਜਾਂਗਲੀਆਣਾ, ਗਿਆਨੀ ਸਤਨਾਮ ਸਿੰਘ ਖਡੂਰ ਸਾਹਿਬ, ਗੁਰਪ੍ਰਤਾਪ ਸਿੰਘ ਬਠਿੰਡਾ, ਭਾਈ ਸਰਵਣ ਸਿੰਘ ਲੱਖੀ ਜੰਗਲ, ਭਾਈ ਜਸਪਾਲ ਸਿੰਘ ਧਰਮੀ ਫੌਜੀ, ਬਾਬਾ ਲਾਲ ਸਿੰਘ , ਭਾਈ ਮੇਜਰ ਸਿੰਘ ਜੋਧਪੁਰੀ, ਭਾਈ ਜੋਗਿੰਦਰ ਸਿੰਘ , ਸਹਿਜ ਸਿੰਘ ਗੋਰਾ ਹਰਿਆਣਾ, ਕਮਲਜੀਤ ਸਿੰਘ ਰਾਣਾ ਅਜਨੋਹਾ, ਲਖਨਪਾਲ ਸਿੰਘ ਨਡਾਲੋਂ, ਭਾਈ ਨਿਰਮਲ ਸਿੰਘ ਰੱਤਾ ਖੇੜਾ, ਬਾਬਾ ਬੂਟਾ ਸਿੰਘ ਜੋਧਪੁਰੀ ਆਦਿ ਸਮੇਤ ਵੱਖ ਵੱਖ ਸੰਪ੍ਰਦਾਵਾਂ ਦੇ ਸੰਤ ਮਹਾਂਪੁਰਸ਼ਾਂ ਤੇ ਸੰਗਤਾਂ ਨੇ ਸੰਤ ਬਾਬਾ ਸ਼ੇਰ ਸਿੰਘ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ। ਅਨੇਕਾਂ ਪ੍ਰਕਾਰ ਦੇ ਗੁਰੂ ਕੇ ਲੰਗਰ ਅਤੁੱਟ ਵਰਤਾਏ ਗਏ।

# ਸੇਵਾ ਕੇਂਦਰ 'ਚ 4 ਨਵੀਆਂ ਸੇਵਾਵਾਂ ਕੀਤੀਆਂ ਸ਼ੁਰੂ: ਡਿਪਟੀ ਕਮਿਸ਼ਨਰ

ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ, ਓ ਪੀ ਰਾਣਾ) -ਡਿਪਟੀ ਕਮਿਸ਼ਨਰ ਕੋਮਲ ਮਿੱਤਲ ਨੇ ਦੱਸਿਆ ਕਿ ਸੇਵਾ ਕੇਂਦਰਾਂ ਵਿੱਚ 4 ਨਵੀਆਂ ਸੇਵਾਵਾਂ (ਈ-ਸ਼੍ਰਮ ਕਾਰਡ, ਫਾਇਰ ਆਰਮ ਫ੍ਰੀ ਜ਼ੋਨ ਸਰਵਿਸ, ਨਵਾਂ/ਰੀਨਿਊ ਸਟੈਂਪ ਵੈਂਡਰ ਲਾਇਸੰਸ ਅਤੇ ਪਾਸਪੋਰਟ ਸਾਇਜ ਫੋਟੋਆਂ ਪ੍ਰਿੰਟ ਨੂੰ ਸੇਵਾ ਕੇਂਦਰ ਦੀਆਂ ਸਰਵਿਸ ਲਿਸਟ ਵਿੱਚ ਲੋਕ ਹਿੱਤ ਨੂੰ ਮੁੱਖ ਰੱਖਦੇ ਹੋਏ ਸ਼ਾਮਿਲ ਕੀਤਾ ਗਿਆ ਹੈ। ਈ-ਸ਼੍ਰਮ ਕਾਰਡ ਦੀ ਫੀਸ ਸਿਰਫ 10 ਰੁਪਏ ਹੈ, ਜਿਸ ਵਿੱਚ ਵਿਅਕਤੀ/ਲਾਭਪਾਤਰੀ ਆਪਣਾ ਲੇਬਰ ਰਿਕਾਰਡ ਦਰਜ ਕਰਵਾ ਸਕਦਾ ਹੈ। ਇਹ ਸਰਵਿਸ 16-59 ਸਾਲ ਦਾ ਕੋਈ ਵੀ ਨਾਗਰਿਕ ਅਪਲਾਈ ਕਰ ਸਕਦਾ ਹੈ ਬਸ਼ਰਤੇ ਉਸਦਾ ਕੋਈ ਵੀ ਫੰਡ ਸਰਕਾਰੀ ਜਾਂ ਗੈਰ ਸਰਕਾਰੀ ਨਾ ਕੱਟਦਾ ਹੋਵੇ। ਇਸ ਤੋਂ ਇਲਾਵਾ ਪੂਜਾ ਸਥਾਨ, ਸਕੂਲ, ਕਾਲਜ, ਮੈਰਿਜ ਪੈਲਸ, ਹੋਟਲ, ਗੈਸਟ ਹਾਊਸ, ਪਬਲਿਕ ਪਾਰਕ, ਸਰਕਾਰੀ ਦਫ਼ਤਰ, ਸ਼ਾਪਿੰਗ ਮਾਲ, ਸਿਨੇਮਾ ਹਾਲ ਆਦਿ ਨੂੰ, ਫਾਇਰ ਆਰਮ ਫ੍ਰੀ ਜ਼ੋਨ ਸਰਵਿਸ ਬਾਬਤ ਨਵੇਂ ਲਾਇਸੰਸ ਪ੍ਰਾਪਤ ਕਰਨ ਲਈ ਸੇਵਾ ਕੇਂਦਰ ਵਿਖੇ ਅਪਲਾਈ ਕੀਤਾ ਜਾ ਸਕਦਾ ਹੈ, ਜਿਸਦੀ ਫੀਸ 1700 ਰੁਪਏ ਹੈ ਜੋ ਕਿ ਪੰਜ ਸਾਲ ਲਈ ਬਣਦਾ ਹੈ।ਸਟੈਂਪ ਵੈਂਡਰ ਦਾ ਕੰਮ ਸ਼ੁਰੂ ਕਰਨ ਲਈ 710 ਰੁਪਏ ਦੀ ਫੀਸ ਭਰ ਕੇ ਲਾਇਸੰਸ ਅਪਲਾਈ ਕੀਤਾ ਜਾ ਸਕਦਾ ਹੈ। ਇਸ ਤੋਂ ਇਲਾਵਾ ਨਾਗਰਿਕ ਪਾਸਪੋਰਟ ਸਾਇਜ ਫੋਟੋ ਪ੍ਰਿੰਟ ਦੀ ਸਰਵਿਸ ਵੀ ਸੇਵਾ ਕੇਂਦਰਾਂ ਵਿਖੇ 6 ਫੋਟੋਆਂ 30 ਰੁਪਏ ਅਤੇ 12 ਫੋਟੋਆਂ ਸਿਰਫ 50 ਰੁਪਏ ਵਿੱਚ ਪ੍ਰਾਪਤ ਕਰ ਸਕਦਾ ਹੈ।ਜ਼ਿਲ੍ਹਾ ਆਈ ਟੀ ਮੈਨੇਜਰ ਕਰਮਜੀਤ ਸਿੰਘ ਨੇ ਦੱਸਿਆ ਕਿ ਜ਼ਿਲੇ ਵਿੱਚ ਕੁੱਲ 28 ਸੇਵਾ ਕੇਂਦਰ ਸਥਿਤ ਹਨ ਅਤੇ ਜਿੱਥੇ ਲੋਕਾਂ ਨੂੰ ਬਿਹਤਰ ਸੇਵਾਵਾਂ ਪ੍ਰਦਾਨ ਕੀਤੀਆਂ ਜਾ ਰਹੀਆਂ ਹਨ। ਇਸ ਮੌਕੇ ਸੇਵਾ ਕੇਂਦਰ ਮੈਨੇਜਰ ਗੁਰਸੇਵਕ ਸਿੰਘ ਅਤੇ ਮਾਸਟਰ ਟ੍ਰੇਨਰ ਹਰਸਿਮਰਨਜੀਤ ਸਿੰਘ ਵੀ ਮੌਜੂਦ ਸਨ।

## ਖੱਬੇ ਪੱਖੀ ਆਗੂਆਂ ਨੇ ਡਾ. ਅੰਬੇਡਕਰ ਦੇ ਬੁੱਤ ਦੀ ਬੇਹੁਰਮਤੀ ਦੀ ਕੀਤੀ ਸਖਤ ਨਿਖੇਧੀ



**ਸ੍ਰੀ ਆਨੰਦਪੁਰ ਸਾਹਿਬ (ਅਰਵਿੰਦਰ ਸਿੰਘ ਬਿੰਦੀ)**- ਗਣਤੰਤਰ ਦਿਵਸ ਮੌਕੇ ਇਕ ਸਿਰ-ਫਿਰੇ ਅਤੇ ਸਾਜਿਸ਼ ਦੇ ਸ਼ਿਕਾਰ ਨੌਜਵਾਨ ਵਲੋਂ ਦੇਸ਼ ਦੇ ਇਤਿਹਾਸਕ ਮਹਾਂ ਪੁਰਸ਼, ਭਾਰਤੀ ਸੰਵਿਧਾਨ ਦੇ ਮੁੱਖ ਨਿਰਮਾਤਾ ਡਾਕਟਰ ਭੀਮ ਰਾਓ ਅੰਬੇਦਕਰ ਦੇ ਬੁੱਤ ਦੀ ਅੰਮ੍ਰਿਤਸਰ ਸ਼ਹਿਰ ਵਿੱਚ ਕੀਤੀ ਬੇਹੁਰਮਤੀ ਦੀ ਬਹੁਤ ਹੀ ਸਖਤ ਸ਼ਬਦਾਂ ਵਿੱਚ ਨਿਖੇਧੀ ਕੀਤੀ ਹੈ। ਹਿੰਦ ਕਮਿਊਨਿਸਟ ਪਾਰਟੀ ਮਾਰਕਸਵਾਦੀ ਦੇ ਜ਼ਿਲ੍ਹਾ ਸਕੱਤਰੇਤ ਮੈਂਬਰ ਕਾਮਰੇਡ ਸੁਰਜੀਤ ਸਿੰਘ ਢੇਰ, ਕਾਮਰੇਡ ਗੁਰਦੇਵ ਸਿੰਘ ਬਾਗੀ,ਆਲ ਇੰਡੀਆ ਰੋਡ ਟਰਾਂਸਪੋਰਟ ਵਰਕਰਜ ਫੈਡਰੇਸ਼ਨ ਦੇ ਜ਼ਿਲ੍ਹਾ ਆਗੂ ਮਨਿੰਦਰ ਸਿੰਘ ਮੌਟੀ ਨੇ ਭਾਜਪਾ ਆਗੂ ਵੱਲੋਂ ਇਸ ਕੁਕਰਮ ਨੂੰ ਅਪਣੀ ਸੌੜੀ ਸੋਚ ਅਤੇ ਸੌੜੀ ਰਾਜਨੀਤੀ ਮੁਤਾਬਿਕ ਇਸ ਘਟਨਾ ਨੂੰ ਸਿੱਖਾਂ ਨਾਲ ਜੋੜਨ ਦੀ ਹੋਰ ਵੀ ਕਰੜੇ ਸ਼ਬਦਾਂ ਵਿੱਚ ਨਿਖੇਧੀ ਕੀਤੀ ਹੈ। ਆਗੂਆਂ ਵੱਲੋਂ ਪੰਜਾਬ ਸਰਕਾਰ ਦੇ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਦਿੱਤੇ ਬਿਆਨ ਨੂੰ ਗੈਰਜੁੰਮੇਵਾਰਨਾ ਠਹਿਰਾਉਂਦਿਆਂ ਪੰਜਾਬ ਸਰਕਾਰ ਤੋਂ ਪੁਰਜ਼ੋਰ ਮੰਗ ਕੀਤੀ ਹੈ ਕਿ ਉਹ ਇਸ ਬੇਹੁਰਮਤੀ ਕਰਨ ਵਾਲੇ ਦੋਸ਼ੀ ਅਤੇ ਇਸ ਕੁਕਰਮ ਵਿੱਚ ਉਸ ਦੇ ਸਹਿਯੋਗੀਆਂ ਨੂੰ ਸਖ਼ਤ ਸਜ਼ਾਵਾਂ ਦੇਣਾ ਯਕੀਨੀ ਬਣਾਵੇ ਅਤੇ ਇਸ ਤਰ੍ਹਾਂ ਦੀ ਨਫ਼ਰਤੀ ਮੁਹਿੰਮ ਨੂੰ ਦੇਸ਼ ਵਿੱਚ ਅੱਗੇ ਵਧਾ ਰਹੀ ਸਾਜ਼ਿਸ਼ ਵਿਚ ਭਾਈਵਾਲੀ ਕਰਨ ਵਾਲੀ ਸੰਸਥਾ/ਜੱਥੇਬੰਦੀ ਨੂੰ ਸਪੱਸ਼ਟ ਰੂਪ ਵਿੱਚ ਸਾਹਮਣੇ ਲਿਆਉਣ ਦੀ ਅਪਣੀ ਸੰਵਿਧਾਨਕ ਜ਼ਿੰਮੇਵਾਰੀ ਨਿਭਾਵੇ। ਇਸ ਸਬੰਧ ਵਿੱਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਦਿੱਤੇ ਗਏ ਬਿਆਨ ਦੀ ਵੀ ਸ਼ਲਾਘਾ ਕੀਤੀ ਗਈ ਹੈ।ਜਿਸ ਨਾਲ ਵਿਜੈ ਸਾਂਪਲਾ ਵੱਲੋਂ ਘੜੀ ਗਈ ਘਾੜਤ ਵੀ ਨੰਗੀ ਹੋ ਗਈ ਹੈ।

# ਚੇਅਰਮੈਨ ਰਜਿੰਦਰ ਮਾਰਸ਼ਲ ਸਾਥੀਆਂ ਸਮੇਤ ਡੇਰਾ ਸੱਚਖੰਡ ਬੱਲਾਂ ਵਿਖੇ ਹੋਏ ਨਤਮਸਤਕ



ਟਾਂਡਾ ਉੜਮੁੜ (ਉਂਕਾਰ ਸਿੰਘ, ਜਸਵਿੰਦਰ ਸੰਧੂ) ਸ੍ਰੀ ਗੁਰੂ ਰਵਿਦਾਸ ਮਹਾਰਾਜ ਦੇ ਪਵਿੱਤਰ ਅਸਥਾਨ ਡੇਰਾ ਸੱਚਖੰਡ ਬੱਲਾਂ ਵਿਖੇ ਸਰ ਮਾਰਸ਼ਲ ਸਕੂਲ ਸਿੱਖਿਆ ਸੰਸਥਾਵਾਂ ਦੇ ਚੇਅਰਮੈਨ ਤੇ ਉੱਘੇ ਸਮਾਜਸੇਵੀ ਰਜਿੰਦਰ ਸਿੰਘ ਮਾਰਸ਼ਲ ਨੇ ਆਪਣੇ ਸਾਥੀਆਂ ਸਮੇਤ ਨਤਮਸਤਕ ਹੁੰਦੇ ਹੋਏ ਸੰਤ ਬਾਬਾ ਨਿਰੰਜਨ ਦਾਸ ਜੀ ਤੋਂ ਅਸੀਰਵਾਦ ਪ੍ਰਾਪਤ ਕੀਤਾ। ਇਸ ਮੌਕੇ ਚੇਅਰਮੈਨ ਰਜਿੰਦਰ ਸਿੰਘ ਮਾਰਸ਼ਲ , ਤੋਂ ਇਲਾਵਾ ਉਹਨਾਂ ਦੇ ਸਾਥੀਆਂ ਸਮਾਜ ਸੇਵੀ ਨੰਬਰਦਾਰ ਜਗਜੀਵਨ ਜੱਗੀ, ਮਾਤਾ ਸਾਹਿਬ ਕੌਰ ਸਿੱਖਿਆ ਸੰਸਥਾਵਾਂ ਦੇ ਪ੍ਰਧਾਨ ਸੁਖਵਿੰਦਰ ਸਿੰਘ ਅਰੋੜਾ, ਸਮਾਜ ਸੇਵੀ ਸਾਬਕਾ ਸਰਪੰਚ ਗੁਰਮੀਤ ਸਿੰਘ ਰੱਲਣ ਅਤੇ ਕੁਲਵੰਤ ਸਿੰਘ ਮਾਰਸ਼ਲ ਸਮੇਤ ਡੇਰਾ ਸੱਚਖੰਡ ਬੱਲਾਂ ਵਿਖੇ ਹਾਜ਼ਰੀ ਲਗਾਉਂਦੇ ਹੋਏ ਮੌਜੂਦਾ ਗੱਦੀ ਨਸ਼ੀਨ ਸੰਤ ਬਾਬਾ ਨਿਰੰਜਨ ਦਾਸ ਜੀ ਤੋਂ ਆਸ਼ੀਰਵਾਦ ਪ੍ਰਾਪਤ ਕੀਤਾ।

ਇਸ ਮੌਕੇ ਸੰਤ ਬਾਬਾ ਨਿਰੰਜਨ ਦਾਸ ਜੀ ਰਜਿੰਦਰ ਸਿੰਘ ਮਾਰਸ਼ਲ, ਨੰਬਰਦਾਰ ਜਗਜੀਵਨ ਜੱਗੀ, ਸੁਖਵਿੰਦਰ ਸਿੰਘ ਅਰੋੜਾ, ਸਾਬਕਾ ਸਰਪੰਚ ਗੁਰਮੀਤ ਸਿੰਘ ਰੱਲਣ ਤੇ ਕੁਲਵੰਤ ਸਿੰਘ ਮਾਰਸਲ ਨੂੰ ਸਿਰਪਾਓ ਭੇਂਟ ਕਰਕੇ ਸਨਮਾਨਿਤ ਕੀਤਾ ਅਤੇ ਦੱਸਿਆ ਕਿ ਸ੍ਰੀ ਗੁਰੂ ਰਵਿਦਾਸ ਜੀ ਦੇ 648ਵੇਂ ਪ੍ਰਕਾਸ ਉਤਸਵ ਦੇ ਸਬੰਧ ਵਿੱਚ ਸ੍ਰੀ ਗੁਰੂ ਰਵਿਦਾਸ ਮਹਾਰਾਜ ਦੇ ਜਨਮ ਅਸਥਾਨ ਗੋਵਰਧਨਪੁਰ ਕਾਸ਼ੀ (ਉੱਤਰ ਪ੍ਰਦੇਸ਼) ਲਈ ਬੇਗਮਪੁਰਾ ਐਕਸਪ੍ਰੈਸ ਟਰੇਨ 9 ਫਰਵਰੀ ਨੂੰ ਜਲੰਧਰ ਸਿਟੀ ਰੇਲਵੇ ਸਟੇਸ਼ਨ ਤੋਂ ਰਵਾਨਾ ਹੋਵੇਗੀ।

ਸੰਗਤਾਂ ਸ੍ਰੀ ਗੁਰੂ ਰਵਿਦਾਸ ਮਹਾਰਾਜ ਦਾ ਪ੍ਰਕਾਸ਼ ਪੁਰਬ ਮਨਾ ਕੇ 13 ਫਰਵਰੀ ਨੂੰ ਵਾਪਸ ਪਰਤਣਗੀਆਂ।

# ਪੰਜਾਬ ਮੁਲਾਜ਼ਮ ਤੇ ਪੈਨਸ਼ਨਰਜ਼ ਸਾਂਝਾ ਫਰੰਟ ਫਗਵਾੜਾ ਦੀ ਹੋਈ ਅਹਿਮ ਮੀਟਿੰਗ



ਫਗਵਾੜਾ ( ਡਾ. ਰਮਨ, ਢੱਡਾ ) ਸਥਾਨਕ ਕਮੇਟੀ ਘਰ ਪਾਰਕ ਵਿਖੇ ਪੰਜਾਬ ਮੁਲਾਜ਼ਮ ਅਤੇ ਪੈਨਸ਼ਨਰਜ਼ ਸਾਂਝਾ ਫਰੰਟ ਫ਼ਗਵਾੜਾ ਦੇ ਆਗੂਆਂ ਦੀ ਇੱਕ ਅਹਿਮ ਮੀਟਿੰਗ ਹੋਈ। ਇਸ ਵਿੱਚ ਸਾਂਝਾ ਫਰੰਟ ਦੀ ਸਟੇਟ ਕਮੇਟੀ ਵੱਲੋਂ ਦਿੱਤੇ ਪ੍ਰੋਗਰਾਮਾਂ ਦੇ ਸੱਦੇ ਨੂੰ ਇੰਨ ਬਿੰਨ ਲਾਗੂ ਕਰਨ ਦੀਆਂ ਤਿਆਰੀਆਂ ਲਈ ਵਿਚਾਰਾਂ ਕੀਤੀਆਂ ਗਈਆਂ। ਮੀਟਿੰਗ ਵਿੱਚ ਇਹ ਤੈਅ ਕੀਤਾ ਗਿਆ ਕਿ ਦਿੱਤੇ ਪ੍ਰੋਗਰਾਮ ਅਨੁਸਾਰ ਹਲਕਾ ਫਗਵਾੜਾ ਦੇ ਵਿਧਾਇਕ ਬਲਵਿੰਦਰ ਸਿੰਘ ਧਾਲੀਵਾਲ ਨੂੰ ਸਾਂਝੇ ਫਰੰਟ ਦਾ ਮੰਗ ਪੱਤਰ ਸੌਂਪਿਆ ਜਾਵੇਗਾ ਅਤੇ ਅਗਲੇ ਪ੍ਰੋਗਰਾਮਾਂ ਲਈ ਵੱਡੇ ਪੱਧਰ 'ਤੇ ਤਿਆਰੀ ਵਿੱਢੀ ਜਾਵੇਗੀ।

ਸਾਰੇ ਆਗੂਆਂ ਜੁਆਇੰਟ ਗੌਰਮਿੰਟ ਪੈਨਸ਼ਨਰਜ਼ ਫਰੰਟ ਫ਼ਗਵਾੜਾ ਵਲੋਂ 7 ਫਰਵਰੀ ਨੂੰ ਐਡੀਸ਼ਨਲ ਡਿਪਟੀ ਕਮਿਸ਼ਨਰ ਫਗਵਾੜਾ ਦੇ ਦਫ਼ਤਰ ਅੱਗੇ ਕੀਤੀ ਜਾ ਰਹੀ ਇੱਕ ਦਿਨਾ ਭੁੱਖ ਹੜਤਾਲ ਦਾ ਸਮਰਥਨ ਕਰਨ ਦਾ ਫੈਸਲਾ ਵੀ ਕੀਤਾ।

ਆਗੂਆਂ ਨੇ ਪੱਕੇ ਅਤੇ ਕੱਚੇ ਮੁਲਾਜ਼ਮਾਂ, ਮਾਣ ਭੱਤਾ ਵਰਕਰਾਂ ਅਤੇ ਪੈਨਸ਼ਨਰਜ਼ ਨੂੰ ਸਾਂਝਾ ਮੁਲਾਜ਼ਮ ਫਰੰਟ ਦੇ ਸੰਘਰਸ਼ੀ ਪ੍ਰੋਗਰਾਮਾਂ ਵਿੱਚ ਵੱਧ ਚੜ੍ਹ ਕੇ ਹਾਜ਼ਰ ਹੋਣ ਦੀ ਅਪੀਲ ਕੀਤੀ। ਇਸ ਮੌਕੇ ਫਰੰਟ ਦੇ ਆਗੂ ਕੁਲਦੀਪ ਸਿੰਘ ਕੌੜਾ, ਹੰਸ ਰਾਜ ਬੰਗੜ, ਗੁਰਮੁਖ ਲੋਕਪ੍ਰੇਮੀ, ਹਰਜਿੰਦਰ ਨਿਆਣਾ, ਸੀਤਲ ਰਾਮ ਬੰਗਾ, ਪਰਮਿੰਦਰ ਪਾਲ ਸਿੰਘ,ਰਤਨ ਸਿੰਘ ,ਅਨੀਤਾ ਦੇਵੀ, ਅਤੇ ਰਾਜ ਕੌਰ ਆਦਿ ਹਾਜ਼ਰ ਸਨ।

## ਜੀ ਆਰ ਡੀ ਇੰਟਰਨੈਸ਼ਨਲ ਸਕੂਲ ਵਿਖੇ 10ਵੀਂ ਕਲਾਸ ਦੇ ਵਿਦਿਆਰਥੀਆਂ ਨੂੰ ਵਿਦਾਇਗੀ ਪਾਰਟੀ ਦਿੱਤੀ



**ਟਾਂਡਾ ਉੜਮੁੜ (ਉਂਕਾਰ ਸਿੰਘ)**

ਵਿਦਿਅਕ ਸੰਸਥਾ ਸ੍ਰੀ ਗੁਰੂ ਰਾਮਦਾਸ ਜੀ ਸੇਵਾ ਸੁਸਾਇਟੀ ਵੱਲੋਂ ਚਲਾਏ ਜਾ ਰਹੇ ਜੀ.ਆਰ.ਡੀ ਇੰਟਰਨੈਸ਼ਨਲ ਸਕੂਲ ਟਾਂਡਾ ਵਿਖੇ ਦਸਵੀਂ ਕਲਾਸ ਦੇ ਵਿਦਿਆਰਥੀਆਂ ਨੂੰ ਨੌਂਵੀ ਕਲਾਸ ਦੇ ਵਿਦਿਆਰਥੀਆਂ ਨੇ ਵਿਦਾਇਗੀ ਪਾਰਟੀ ਦਿੱਤੀ। ਸੰਸਥਾ ਦੇ ਚੇਅਰਪਰਸਨ ਸ੍ਰੀਮਤੀ ਪ੍ਰਦੀਪ ਕੌਰ ਅਤੇ ਮੈਨੇਜਿੰਗ ਡਾਇਰੈਕਟਰ ਬਿਕਰਮ ਸਿੰਘ ਦੇ ਦਿਸ਼ਾ ਨਿਰਦੇਸ਼ਾਂ ਤਹਿਤ, ਜੀ.ਆਰ.ਡੀ ਸਿੱਖਿਆ ਸੰਸਥਾਵਾਂ ਦੇ ਮੈਨੇਜਰ ਸਰਬਜੀਤ ਸਿੰਘ ਮੋਮੀ ਦੀ ਅਗਵਾਈ ਅਤੇ ਪ੍ਰਿੰਸੀਪਲ ਅਮਨਦੀਪ ਕੌਰ ਢਿੱਲੋਂ ਦੀ ਦੇਖ ਰੇਖ ਵਿੱਚ ਕਰਵਾਏ ਗਏ ਸਮਾਗਮ ਵਿੱਚ ਵਿਦਿਆਰਥੀਆਂ ਨੇ ਰੰਗਾਰੰਗ ਤੇ ਸੱਭਿਆਚਾਰ ਪ੍ਰੋਗਰਾਮ ਪੇਸ਼ ਕੀਤਾ।

ਮੋਮੀ ਨੇ ਸਕੂਲ ਛੱਡ ਜਾਣ ਵਾਲੇ ਵਿਦਿਆਰਥੀਆਂ ਨੂੰ ਉਨਾਂ ਦੇ ਬਿਹਤਰ ਭਵਿੱਖ ਲਈ ਸ਼ੁਭਕਾਮਨਾਵਾਂ ਦਿੱਤੀਆਂ ਅਤੇ ਆਪਣੇ ਜੀਵਨ ਵਿੱਚ ਮਿਹਨਤ ਤੇ ਲਗਨ ਨਾਲ ਕੰਮ ਕਰਨ ਵਾਸਤੇ ਪ੍ਰੇਰਿਤ ਕੀਤਾ।ਪ੍ਰਿੰਸੀਪਲ ਨੇ ਕਿਹਾ ਕਿ ਉਹੀ ਇਨਸਾਨ ਆਪਣੇ ਜੀਵਨ ਵਿੱਚ ਸਫਲ ਹੋ ਸਕਦਾ ਹੈ ਜੋ ਮਿਹਨਤ ,ਲਗਨ ਅਤੇ ਦ੍ਰਿੜ ਇਰਾਦੇ ਨਾਲ ਪੜ੍ਹਾਈ ਕਰਦਾ ਹੈ। ਉਨਾਂ ਸਕੂਲ ਛੱਡ ਕੇ ਜਾਣ ਵਾਲੇ ਵਿਦਿਆਰਥੀਆਂ ਨੂੰ ਸਨਮਾਨਿਤ ਵੀ ਕੀਤਾ।ਇਸ ਮੌਕੇ 'ਤੇ ਹੋਰਨਾਂ ਤੋਂ ਇਲਾਵਾ ਮੈਡਮ ਸੀਮਾ ਜਾਜਾ, ਗੁਰਪ੍ਰੀਤ ਕੌਰ ,ਤੇਜਿੰਦਰ ਕੌਰ, ਬਲਜੀਤ ਕੌਰ ,ਹਰਿੰਦਰ ਕੌਰ, ਹਰਦੀਪ ਕੌਰ, ਮਨਜੀਤ ਕੌਰ ,ਆਚਲ ਸੈਣੀ, ਕਸ਼ਮੀਰ ਕੌਰ,ਮਨਜੀਤ ਕੌਰ,ਜੈਸਮੀਨ ਕੌਰ ਹਰਿੰਦਰ ਕੌਰ, ਦਲਜਿੰਦਰ ਕੌਰ, ਲਵਲੀ ਸੈਣੀ ਰਾਜਵਿੰਦਰ ਕੌਰ ਪਿੰਕੀ ਚੌਧਰੀ ਹਾਜ਼ਰ ਸਨ।

# ਬੇਟੀ ਬਚਾਓ, ਬੇਟੀ ਪੜ੍ਹਾਓ ਮੁਹਿੰਮ ਤਹਿਤ ਜ਼ਿਲ੍ਹਾ ਪੱਧਰੀ ਜਾਗਰੂਕਤਾ ਸੈਮੀਨਾਰ



**ਬਲਾਚੌਰ (ਜਸਵਿੰਦਰ ਬੈਂਸ)**- ਸਿਵਲ ਸਰਜਨ, ਸ਼ਹੀਦ ਭਗਤ ਸਿੰਘ ਨਗਰ ਡਾ. ਜਸਪ੍ਰੀਤ ਕੌਰ ਦੇ ਦਿਸ਼ਾ- ਨਿਰਦੇਸ਼ਾਂ ਤਹਿਤ ਸਰਕਾਰੀ ਕੰਨਿਆ ਸੀਨੀਅਰ ਸੈਕੰਡਰੀ ਸਕੂਲ ਬਲਾਚੌਰ ਵਿਖੇ ਸੀਨੀਅਰ ਮੈਡੀਕਲ ਅਫ਼ਸਰ ਡਾ. ਕੁਲਵਿੰਦਰ ਮਾਨ ਦੇ ਸਹਿਯੋਗ ਨਾਲ 'ਬੇਟੀ ਬਚਾਓ ,ਬੇਟੀ ਪੜ੍ਹਾਓ' ਮੁਹਿੰਮ ਤਹਿਤ ਜ਼ਿਲ੍ਹਾ ਪੱਧਰੀ ਜਾਗਰੂਕਤਾ ਸੈਮੀਨਾਰ ਕਰਵਾਇਆ ਗਿਆ। ਜ਼ਿਲ੍ਹਾ ਸਿਹਤ ਅਫ਼ਸਰ-ਕਮ-ਸਿਹਤ ਤੇ ਪਰਵਾਰ ਭਲਾਈ ਅਫ਼ਸਰ ਡਾ. ਰੇਨੂ ਮਿੱਤਲ ਦੀ ਅਗਵਾਈ ਵਿਚ ਕਰਵਾਏ ਗਏ ਇਸ ਸੈਮੀਨਾਰ ਵਿਚ ਸਿਹਤ ਵਿਭਾਗ ਦੇ ਅਧਿਕਾਰੀਆਂ ਕਰਮਚਾਰੀਆਂ ਤੇ ਸਕੂਲ ਪ੍ਰਿੰਸੀਪਲ ਪੂਜਾ ਗੁਪਤਾ ਤੇ ਸਮੂਹ ਅਧਿਆਪਕਾਂ ਨੇ ਪੂਰਨ ਸਹਿਯੋਗ ਦਿੱਤਾ।ਜ਼ਿਲ੍ਹਾ ਪਰਵਾਰ ਭਲਾਈ ਅਫਸਰ ਡਾਕਟਰ ਰੇਨੂ ਮਿੱਤਲ ਨੇ ਪੀ. ਸੀ.ਪੀ.ਐਨ. ਡੀ .ਟੀ ਐਕਟ ਬਾਰੇ ਜਾਗਰੂਕ ਕਰਦਿਆਂ ਦੱਸਿਆ ਕਿ ਦੇਸ਼- ਦੁਨੀਆ ਦੇ ਇਤਿਹਾਸ ਵਿਚ ਬਹੁਤ ਸਾਰੀਆਂ ਅਜਿਹੀਆਂ ਉਦਾਹਰਨਾਂ ਮਿਲਦੀਆਂ ਹਨ, ਜਦੋਂ ਲੜਕੀਆਂ ਤੇ ਮਹਿਲਾਵਾਂ ਨੇ ਦੇਸ਼ ਦਾ ਮਾਣ ਵਧਾਇਆ ਹੈ। ਉਨ੍ਹਾਂ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਵਿਸ਼ੇਸ਼ ਉਪਰਾਲਾ ਕਰਦਿਆਂ ਪੰਜ ਸਾਲ ਤੱਕ ਦੀਆਂ ਬੱਚੀਆਂ ਦਾ ਇਲਾਜ ਸਾਰੇ ਸਰਕਾਰੀ ਹਸਪਤਾਲਾਂ ਵਿਚ ਮੁਫ਼ਤ ਕੀਤਾ ਜਾਂਦਾ ਹੈ। ਉਨ੍ਹਾਂ ਸਰਕਾਰ ਵੱਲੋਂ ਚਲਾਈਆਂ ਜਾ ਰਹੀਆਂ ਬਾਲੜੀ ਸੁਰੱਖਿਆ ਯੋਜਨਾ, ਜਨਨੀ ਸੁਰੱਖਿਆ ਯੋਜਨਾ, ਪੀ. ਸੀ. ਪੀ. ਐਨ. ਡੀ. ਟੀ ਐਕਟ ਅਤੇ ਹੋਰ ਸੁਵਿਧਾਵਾਂ ਬਾਰੇ ਜਾਗਰੂਕ ਕੀਤਾ। ਡਿਪਟੀ ਸਮੂਹ ਸਿੱਖਿਆ ਤੇ ਸੂਚਨਾ ਅਫ਼ਸਰ ਤਰਸੇਮ ਲਾਲ ਨੇ ਦੱਸਿਆ ਕਿ ਬੇਟੀ ਬਚਾਓ ਬੇਟੀ ਪੜ੍ਹਾਓ ਸਕੀਮ ਦੇ 10 ਸਾਲ ਪੂਰੇ ਹੋਣ ਦੇ ਜਸ਼ਨਾਂ ਦੇ ਤੌਰ 'ਤੇ ਵਿਸ਼ੇਸ਼ ਜਾਗਰੂਕਤਾ ਮੁਹਿੰਮ ਚਲਾਈ ਜਾ ਰਹੀ ਹੈ। ਉਨ੍ਹਾਂ ਇਸ ਵਰਕਸ਼ਾਪ ਰਾਹੀਂ ਸਮਾਜ ਨੂੰ ਭਰੂਣ ਹੱਤਿਆ ਰੋਕਣ ਤੇ ਲੜਕੀਆਂ ਨੂੰ ਲੜਕਿਆਂ ਦੇ ਬਰਾਬਰ ਸਮਝਣ ਦਾ ਸੱਦਾ ਦਿੱਤਾ। ਪ੍ਰਿੰਸੀਪਲ ਪੂਜਾ ਗੁਪਤਾ ਨੇ ਕਿਹਾ ਕਿ ਸਾਨੂੰ ਸਮਾਜ ਅੰਦਰ ਫੈਲੀਆਂ ਭਰੂਣ ਹੱਤਿਆ ਵਰਗੀਆਂ ਕੁਰੀਤੀਆਂ ਮਿਟਾਉਣ ਅਤੇ ਲੜਕੀਆਂ ਦੀ ਪੜ੍ਹਾਈ 'ਤੇ ਜ਼ੋਰ ਦੇਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਸਾਨੂੰ ਆਪਣੀ ਸੋਚ ਬਦਲਦਿਆਂ ਲੜਕੀਆਂ ਨੂੰ ਲੜਕਿਆਂ ਦੇ ਬਰਾਬਰ ਸਮਝਣਾ ਚਾਹੀਦਾ ਹੈ।ਇਸ ਮੌਕੇ ਆਰ. ਬੀ .ਐਸ .ਕੇ .ਟੀਮ ਤੋਂ ਡਾ. ਰੇਨੂ, ਉਂਕਾਰ ਸਿੰਘ ਫਾਰਮਾਸਿਸਟ, ਪ੍ਰੀਤੀ ਭਗਤ ਕੌਂਸਲਰ, ਐਲ .ਐਚ. ਵੀ .ਰਣਜੀਤ ਕੌਰ, ਦਿਲਬਾਗ ਸਿੰਘ ਐਚ. ਆਈ, ਅਮਰਜੀਤ ਮ. ਪ. ਹ. ਵ. (ਮੇਲ਼), ਸੁਨੀਲ ਸ਼ਰਮਾ ਲੈਕਚਰਾਰ ਕਾਮਰਸ, ਬਲਜੀਤ ਕੌਰ, ਸੁਰਿੰਦਰ ਪਾਲ ਸਿੰਘ, ਸੁਰਿੰਦਰ ਕੁਮਾਰ, ਸੁਨੀਲ ਕੁਮਾਰ, ਹਰਦਿਆਲ ਸਿੰਘ, ਰਵਿੰਦਰ ਕੌਰ, ਸਰਬਜੀਤ ਕੌਰ ,ਸੀਮਾ ਸੇਠ ਅਤੇ ਵਿਦਿਆਰਥੀਆਂ ਵੱਲੋਂ ਪੂਰਨ ਸਹਿਯੋਗ ਦਿੱਤਾ ਗਿਆ।

